
People's Herald

People's Herald

Rs- 160/month



# “ਇਕੁਐਲਿਟੀ ਐਂਡ ਜਸਟਿਸ”



https://www.facebook.com/profile.php?id=161037521061610

ਪਟਿਆਲਾ

“Equality and Justice”

स्वतंत्रता, समानता, भाईचारा

PATIALA On line paper 12 ਜਨਵਰੀ 2026 ਸੋਮਵਾਰ “ਰੋਜ਼ਾਨਾ” ਪੰਜਵਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay 91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਲੁਧਿਆਣਾ: ਡੀ.ਸੀ ਵੱਲੋਂ ਪ੍ਰਾਈਵੇਟ ਸਕੂਲਾਂ ਵਿੱਚ ਆਰ.ਟੀ.ਈ ਤਹਿਤ 25 ਪ੍ਰਤੀਸ਼ਤ ਸੀਟਾਂ ‘ਤੇ ਰਾਖਵਾਂਕਰਨ ਲਾਜ਼ਮੀ ਕਰਨ ਦੇ ਹੁਕਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਜਨਵਰੀ INTERNATIONAL PAPER, 94636 01616 hardipchumber57@gmail.com

ਡਿਪਟੀ ਕਮਿਸ਼ਨਰ, ਲੁਧਿਆਣਾ ਸ੍ਰੀ ਹਿਮਾਂਸ਼ੂ ਜੈਨ ਨੇ ਸਾਰੇ ਪ੍ਰਾਈਵੇਟ ਗੈਰ-ਸਹਾਇਤਾ ਪ੍ਰਾਪਤ ਸਕੂਲਾਂ (ਘੱਟ ਗਿਣਤੀ ਸੰਸਥਾਵਾਂ ਨੂੰ ਛੱਡ ਕੇ) ਲਈ ਆਰ.ਟੀ.ਈ ਐਕਟ ਦੀ ਧਾਰਾ 12(1) (ਸੀ) ਦੇ ਤਹਿਤ ਕਮਜ਼ੋਰ ਵਰਗਾਂ ਅਤੇ ਪਛੜੇ ਸਮੂਹਾਂ ਲਈ 25 ਪ੍ਰਤੀਸ਼ਤ ਸੀਟਾਂ ਦੇ ਰਾਖਵੇਂਕਰਨ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਇੱਕ ਆਦੇਸ਼ ਜਾਰੀ ਕੀਤਾ ਹੈ।

ਸਕੂਲ ਸਿੱਖਿਆ ਡਾਇਰੈਕਟੋਰੇਟ ਦੇ ਮੀਮੋ ਨੰਬਰ ਈ-/2025/20266372 ਦੇ ਅਨੁਸਾਰ, ਸਾਰੇ ਯੋਗ ਸਕੂਲਾਂ ਨੂੰ 12 ਜਨਵਰੀ, 2026 ਤੱਕ https://rte.epunjabschool.gov.in ‘ਤੇ ਅਧਿਕਾਰਤ ਪੋਰਟਲ ‘ਤੇ ਰਜਿਸਟਰ ਕਰਨਾ ਹੋਵੇਗਾ।

ਸਕੂਲਾਂ ਨੂੰ ਐਂਟਰੀ-ਲੈਵਲ ਸੀਟਾਂ, ਟਿਊਸ਼ਨ ਫੀਸਾਂ, ਅਤੇ ਮਾਨਤਾ (ਸੀ.ਓ.ਆਰ) ਨੰਬਰਾਂ ਸਮੇਤ ਵੇਰਵੇ ਸਹੀ ਢੰਗ ਨਾਲ ਪੇਸ਼ ਕਰਨੇ ਚਾਹੀਦੇ ਹਨ। ਸਕੂਲ ਸਿੱਖਿਆ ਵਿਭਾਗ ਦੇ ਆਰਡਰ ਨੰਬਰ: ਈ-861949/2025 ਦੇ ਅਨੁਸਾਰ, ਸਕੂਲਾਂ ਨੂੰ ਆਵਾਜਾਈ ਫੀਸ ਤੋਂ ਇਲਾਵਾ ਕੋਈ ਵੀ ਕੈਪੀਟੇਸ਼ਨ ਜਾਂ ਸਕ੍ਰੀਨਿੰਗ ਫੀਸ ਲੈਣ ਦੀ ਮਨਾਹੀ ਹੈ। ਹੋਰ ਵਿਸਤ੍ਰਿਤ ਜਾਣਕਾਰੀ ਅਤੇ ਐਸ.ਓ.ਪੀ ਲਈ ਸਕੂਲਾਂ ਨੂੰ ਸਕੂਲ ਸਿੱਖਿਆ ਵਿਭਾਗ, ਪੰਜਾਬ ਦੁਆਰਾ ਜਾਰੀ ਕੀਤੇ ਗਏ



ਵਿਆਪਕ ਆਦੇਸ਼ ਦਾ ਹਵਾਲਾ ਦੇਣਾ ਚਾਹੀਦਾ ਹੈ। ਰਜਿਸਟ੍ਰੇਸ਼ਨ ਦੀ ਆਖਰੀ ਮਿਤੀ ਜਾਂ ਦਾਖਲੇ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ‘ਤੇ ਸਖ਼ਤ ਸਜ਼ਾਯੋਗ ਕਾਰਵਾਈ ਕੀਤੀ ਜਾਵੇਗੀ।

## ਨਿਊਜ਼ੀਲੈਂਡ ਵਿੱਚ ਦੂਜੀ ਵਾਰ ਨਗਰ ਕੀਰਤਨ ਦਾ ਵਿਰੋਧ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਜਨਵਰੀ INTERNATIONAL PAPER, 94636 01616 hardipchumber57@gmail.com

ਨਿਊਜ਼ੀਲੈਂਡ ਵਿਚ ਇਕ ਵਾਰ ਮੁੜ ਨਗਰ ਕੀਰਤਨ ਦਾ ਵਿਰੋਧ ਕੀਤਾ ਗਿਆ ਹੈ। ਇਸ ਦੌਰਾਨ ਨਗਰ ਕੀਰਤਨ ਨੂੰ ਰੋਕਿਆ ਨਹੀਂ ਗਿਆ ਪਰ ਇਸ ਨਗਰ ਕੀਰਤਨ ਦੇ ਵਿਰੋਧ ਵਿਚ ਸਥਾਨਕ ਚਰਚ ਨਾਲ ਜੁੜੇ ਲੋਕ ਸੜਕਾਂ ’ਤੇ ਉਤਰ ਆਏ ਤੇ ਹਾਕਾ ਡਾਂਸ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਨਗਰ ਕੀਰਤਨ ਨੂੰ ਗਲੀਆਂ ਵਿਚ ਜਾਣ ਦੀ ਇਜਾਜ਼ਤ ਕਿਸ ਨੇ ਦਿੱਤੀ ਤੇ ਉਹ ਤਲਵਾਰਾਂ ਕਿਉਂ ਲਹਿਰਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਦਾ ਵਿਰੋਧ ਕਰਨਗੇ ਤੇ ਕਿਸੇ ਨੂੰ ਦੇਸ਼ ਦਾ ਸਭਿਆਚਾਰ ਵਿਗਾੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਨਗਰ ਕੀਰਤਨ ਵਿਚ ਸਿੱਖ ਨਿਸ਼ਾਨ ਤੇ ਝੰਡਿਆਂ ਦਾ ਵੀ ਵਿਰੋਧ ਕੀਤਾ। ਇਸ ਦੌਰਾਨ ਉਨ੍ਹਾਂ ਸਿੱਖ ਭਾਈਚਾਰੇ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ।

ਨਿਊਜ਼ੀਲੈਂਡ ਦੇ ਟੌਰੰਗਾ




ਵਿੱਚ ਸਿੱਖ ਭਾਈਚਾਰੇ ਦੇ ਮੈਂਬਰਾਂ ਦੁਆਰਾ ਸਜਾਏ ਗਏ ਨਗਰ ਕੀਰਤਨ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਪਹਿਲਾਂ ਗੁਰਦੁਆਰਾ ਸਿੱਖ ਸੰਗਤ, ਟੌਰੰਗਾ ਵਿਚ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਨਗਰ ਕੀਰਤਨ ਸਵੇਰੇ 11 ਤੋਂ ਦੁਪਹਿਰ 2 ਵਜੇ ਤਕ ਸਜਾਇਆ ਗਿਆ। ਇਸ ਸਬੰਧੀ ਗੁਰਦੁਆਰੇ ਵਿੱਚ ਧਾਰਮਿਕ ਰਸਮਾਂ ਤੋਂ ਬਾਅਦ ਨਗਰ ਕੀਰਤਨ ਕੈਮਰਨ ਰੋਡ ਰਾਹੀਂ ਅੱਗੇ ਵਧਿਆ। ਇਸ ਤੋਂ ਪਹਿਲਾਂ ਪੁਲੀਸ ਨੇ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ ਤਾਂ ਕਿ ਕੋਈ ਗੜਬੜ ਨਾ ਹੋਵੇ। ਇਸ ਦੌਰਾਨ ਨਗਰ ਕੀਰਤਨ ਸ਼ਾਂਤੀਪੂਰਨ ਅੱਗੇ ਵਧਦਾ ਗਿਆ ਤੇ ਸਿੱਖ ਵਾਲੰਟੀਅਰਾਂ ਨੇ ਸਿੱਖ ਸੰਗਤ ਨੂੰ ਕਤਾਰਾਂ ਤੋਂ ਬਾਹਰ ਨਾ ਆਉਣ ਦੀ ਅਪੀਲ ਕੀਤੀ।

ਨਿਊਜ਼ੀਲੈਂਡ ਦੇ ਦੱਖਣੀ ਆਕਲੈਂਡ ਦੇ ਮਨੂਰੇਵਾ ਵਿੱਚ ਵੀਹ ਦਿਨ ਪਹਿਲਾਂ ਸਿੱਖ ਭਾਈਚਾਰੇ ਵੱਲੋਂ ਸਜਾਏ ਨਗਰ ਕੀਰਤਨ ਨੂੰ ਸਥਾਨਕ ਮਾਓਰੀ ਭਾਈਚਾਰੇ ਦੇ ਇੱਕ ਗਰੁੱਪ ਨੇ ਰਸਤੇ ’ਚ ਰੋਕ ਦਿੱਤਾ। ਨਗਰ ਕੀਰਤਨ ਜਦੋਂ ਗੁਰਦੁਆਰੇ ਵਾਪਸ ਜਾ ਰਿਹਾ ਸੀ ਤਾਂ ਕੁਝ ਲੋਕਾਂ ਨੇ ਰਸਤਾ ਰੋਕ ਕੇ ਵਿਰੋਧ ਕੀਤਾ। ਪੁਲੀਸ ਨੇ ਮੌਕੇ ’ਤੇ ਪਹੁੰਚ ਕੇ ਸਥਿਤੀ ਕਾਬੂ ਹੇਠ ਕੀਤੀ। ਘਟਨਾ ਦੌਰਾਨ ਸਿੱਖ ਭਾਈਚਾਰੇ ਦੇ ਲੋਕ ਸ਼ਾਂਤ ਰਹੇ। ਕੁਝ ਸਮੇਂ ਬਾਅਦ ਪ੍ਰਦਰਸ਼ਨਕਾਰੀ ਰਾਹ ’ਚੋਂ ਪਾਸੇ ਹੋ ਗਏ ਤੇ ਨਗਰ ਕੀਰਤਨ ਗੁਰਦੁਆਰੇ ਵੱਲ ਰਵਾਨਾ ਹੋ ਗਿਆ।

ਸਿੱਖ ਆਗੂਆਂ ਨੇ ਨਿਊਜ਼ੀਲੈਂਡ ’ਚ ਨਗਰ ਕੀਰਤਨ ਰੋਕਣ ਦੀ ਘਟਨਾ ਦੀ ਨਿਖੇਧੀ ਕੀਤੀ ਅਤੇ ਇਸ ਨੂੰ ਸਮਾਜਿਕ ਤੇ ਭਾਈਚਾਰਕ ਏਕਤਾ ਲਈ ਖ਼ਤਰਾ ਕਰਾਰ ਦਿੱਤਾ ਹੈ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਿਊਜ਼ੀਲੈਂਡ ਅਤੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਸਿੱਖ ਭਾਈਚਾਰੇ ਲਈ ਰਵਾਇਤੀ ਤਿਉਹਾਰ ਮਨਾਉਣ ਲਈ ਸੁਰੱਖਿਅਤ ਤੇ ਸਾਜ਼ਗਾਰ ਮਾਹੌਲ ਯਕੀਨੀ ਬਣਾਇਆ ਜਾਵੇ। ਉਨ੍ਹਾਂ ਘਟਨਾ ਨੂੰ ਸਿੱਖ ਭਾਈਚਾਰੇ, ਸਮਾਜਿਕ ਤੇ ਫ਼ਿਰਕੂ ਏਕਤਾ ਲਈ ਚੁਣੌਤੀ ਕਰਾਰ ਦਿੱਤਾ। ਉਨ੍ਹਾਂ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ, ਵਿਦੇਸ਼ ਮੰਤਰੀ ਵਿੰਸਟਨ ਪੀਟਰਸ, ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਮਾਮਲੇ ਦਾ ਨੋਟਿਸ ਲੈਣ ਦੀ ਅਪੀਲ ਵੀ ਕੀਤੀ ਸੀ।

## ‘’ਪੰਜਾਬ ਸਰਕਾਰ ਨੇ 3 ਸਾਲਾਂ ਵਿੱਚ ਪਹਿਲੀ ਵਾਰ ਕੀਮਤ-ਆਧਾਰਤ ਮਾਈਨਿੰਗ ਆਕਸ਼ਨਜ਼ ਕੀਤੀ ਸ਼ੁਰੂ’’


“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 11 ਜਨਵਰੀ INTERNATIONAL PAPER, 94636 01616 hardipchumber57@gmail.com

ਪਾਰਦਰਸ਼ਤਾ ਅਤੇ ਜ਼ਿੰਮੇਵਾਰਾਨਾ ਢੰਗ ਨਾਲ ਸਰੋਤਾਂ ਦੇ ਪ੍ਰਬੰਧਨ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਿਆਂ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਮਾਈਨਿੰਗ ਸਾਈਟਾਂ ਲਈ ਨਵੀਂ ਨਿਲਾਮੀ ਸ਼ੁਰੂ ਕੀਤੀ ਗਈ ਹੈ ਅਤੇ ਸੋਧੇ ਹੋਏ ਪੰਜਾਬ ਮਾਈਨਰ ਮਿਨਰਲ ਨਿਯਮਾਂ ਤਹਿਤ ਨਿਲਾਮੀ ਢਾਂਚੇ ਵਿੱਚ ਵੱਡੇ ਸੁਧਾਰ ਕੀਤੇ ਗਏ ਹਨ।

ਇਨ੍ਹਾਂ ਸੁਧਾਰਾਂ ‘ਤੇ ਹੋਰ ਚਾਨਣਾ ਪਾਉਂਦਿਆਂ ਖਣਨ ਅਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ, “ਸਾਡੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਖਣਨ ਖੇਤਰ ਵਿੱਚ ਪਾਰਦਰਸ਼ਤਾ ਲਿਆਂਦੀ ਜਾਵੇ ਅਤੇ ਕੁਦਰਤੀ ਸਰੋਤਾਂ ਦੀ ਵਰਤੋਂ ਲੋਕਾਂ ਦੇ ਹਿੱਤਾਂ ਲਈ ਕੀਤੀ ਜਾਵੇ। ਪਾਰਦਰਸ਼ੀ ਆਨਲਾਈਨ ਨਿਲਾਮੀ ਪ੍ਰਣਾਲੀ ਨੂੰ ਅਪਣਾ ਕੇ ਅਸੀਂ ਸੂਬੇ ਦੇ ਮਾਲੀਏ ਦੀ ਰੱਖਿਆ ਤਾਂ ਕਰ ਹੀ ਰਹੇ ਹਾਂ, ਨਾਲ-ਨਾਲ ਯੋਗ ਆਪ੍ਰੇਟਰਾਂ ਲਈ ਬਰਾਬਰ ਦੇ ਮੌਕੇ ਪ੍ਰਦਾਨ ਕਰ ਰਹੇ ਹਾਂ ਅਤੇ ਅਤੇ ਗ਼ੈਰ-ਕਾਨੂੰਨੀ ਖਣਨ ‘ਤੇ ਨਕੇਲ ਕਸ ਰਹੇ ਹਾਂ।”

ਕੈਬਨਿਟ ਮੰਤਰੀ ਨੇ ਦੱਸਿਆ ਕਿ ਪਹਿਲੇ ਪੜਾਅ ਤਹਿਤ ਸਰਕਾਰ ਵੱਲੋਂ ਇੱਕ ਖੁੱਲ੍ਹੀ ਅਤੇ ਪ੍ਰਤੀਯੋਗੀ ਆਨਲਾਈਨ ਬੋਲੀ ਪ੍ਰਕਿਰਿਆ ਰਾਹੀਂ 29 ਨਵੀਆਂ ਵਪਾਰਕ ਮਾਈਨਿੰਗ ਸਾਈਟਾਂ (ਸੀ.ਐਮ.ਐਸ.) ਦੀ ਨਿਲਾਮੀ ਕੀਤੀ ਗਈ। ਅਕਤੂਬਰ-ਨਵੰਬਰ ਵਿੱਚ ਸ਼ੁਰੂ ਕੀਤੀਆਂ ਗਈਆਂ ਇਨ੍ਹਾਂ ਨਿਲਾਮੀਆਂ ਨਾਲ 16 ਸਫ਼ਲ ਬੋਲੀਆਂ ਹੋਈਆਂ ਅਤੇ 11.61 ਕਰੋੜ ਰੁਪਏ ਦਾ ਮਾਲੀਆ ਇਕੱਠਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਪਿਛਲੇ ਤਿੰਨ ਸਾਲਾਂ ਵਿੱਚ ਸੂਬੇ ਵੱਲੋਂ ਕੀਤੀਆਂ ਗਈਆਂ ਪਹਿਲੀਆਂ ਕੀਮਤ-ਅਧਾਰਤ ਮਾਈਨਿੰਗ ਨਿਲਾਮੀਆਂ ਹਨ।

ਕੈਬਨਿਟ ਵੱਲੋਂ ਮਨਜ਼ੂਰ ਕੀਤੇ ਸੁਧਾਰਾਂ ਸਦਕਾ ਪੁਰਾਣੀ ਮਾਤਰਾ-ਆਧਾਰਤ ਨਿਲਾਮੀ ਪ੍ਰਣਾਲੀ ਤੋਂ ਮੁਕਤੀ ਮਿਲੀ ਹੈ, ਜਿੱਥੇ ਬੋਲੀਕਾਰ ਇੱਕ ਸਾਈਟ ਦੇ ਵੱਧ ਤੋਂ ਵੱਧ ਹਿੱਸੇ ਨੂੰ ਕਾਰਜਸ਼ੀਲ ਕਰਨ ਦੀ ਪੇਸ਼ਕਸ਼ ਕਰਕੇ ਬੋਲੀ ਲਗਾਉਂਦੇ ਸਨ। ਇਸ ਪ੍ਰੈਕਟਿਸ ਵਿੱਚ ਬਹੁਤ ਸਾਰੇ ਬੋਲੀਕਾਰਾਂ ਵੱਲੋਂ ਇੱਕੋ ਜਿਹੀ ਮਾਤਰਾ ਦਾ ਹਵਾਲਾ ਦਿੱਤਾ ਜਾਂਦਾ ਸੀ ਜੋ ਕਿ ਅਕਸਰ 100 ਫ਼ੀਸਦੀ ਹੁੰਦਾ ਸੀ, ਜਿਸ ਦੇ ਨਤੀਜੇ ਵਜੋਂ ਡਰਾਅ ਰਾਹੀਂ ਚੋਣ ਕੀਤੀ ਜਾਂਦੀ ਸੀ। ਸਮੇਂ ਦੇ ਨਾਲ-ਨਾਲ ਇਸ ਪਹੁੰਚ ਕਾਰਨ ਮਾਲੀਏ ਵਿੱਚ ਕਮੀ, ਗ਼ੈਰ-ਗੰਭੀਰ ਬੋਲੀਕਾਰਾਂ ਦੀ ਗਿਣਤੀ



ਵਿੱਚ ਵਾਧਾ, ਸੀਮਤ ਨਿਵੇਸ਼ ਵਚਨਬੱਧਤਾ ਅਤੇ ਖਾਣਾਂ ਨੂੰ ਕਾਰਜਸ਼ੀਲ ਕਰਨ ਵਿੱਚ ਦੇਰੀ ਦਾ ਸਾਹਮਣਾ ਕਰਨਾ ਪੈਂਦਾ ਸੀ ਕਿਉਂ ਜੋ ਵਾਤਾਵਰਣ ਸਬੰਧੀ ਪ੍ਰਵਾਨਗੀਆਂ ਪ੍ਰਾਪਤ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਸੀ।

ਇਨ੍ਹਾਂ ਪ੍ਰਣਾਲੀਗਤ ਖ਼ਾਮੀਆਂ ਨੂੰ ਦੂਰ ਕਰਨ ਲਈ ਕੈਬਨਿਟ ਵੱਲੋਂ ਭਾਰਤ ਭਰ ਵਿੱਚ ਅਪਣਾਏ ਗਏ ਬਿਹਤਰ ਅਭਿਆਸਾਂ ਨਾਲ ਜੁੜੇ ਢਾਂਚਾਗਤ ਸੁਧਾਰਾਂ ਦੀ ਇੱਕ ਲੜੀ ਨੂੰ ਮਨਜ਼ੂਰੀ ਦਿੱਤੀ ਗਈ। ਨਿਲਾਮੀਆਂ ਹੁਣ ਪ੍ਰਤੀਯੋਗੀ ਪ੍ਰਾਈਜ਼ ਬਿਡਿੰਗ ‘ਤੇ ਆਧਾਰਤ ਹੋਣਗੀਆਂ, ਜੋ ਨਿਰਪੱਖ ਵੰਡ ਅਤੇ ਬਿਹਤਰ ਮਾਲੀਏ ਨੂੰ ਯਕੀਨੀ ਬਣਾਉਣਗੀਆਂ। ਬੋਲੀਕਾਰਾਂ ਨੂੰ ਗੰਭੀਰਤਾ ਦਿਖਾਉਣ ਲਈ ਪਹਿਲਾਂ ਭੁਗਤਾਨ ਕਰਨਾ ਹੋਵੇਗਾ ਅਤੇ ਸਥਿਰ ਮਾਲੀਆ ਪ੍ਰਵਾਹ ਨੂੰ ਯਕੀਨੀ ਬਣਾਉਣ ਲਈ ਰਾਇਲਟੀ ਭੁਗਤਾਨ ਅਗਾਊਂ ਇਕੱਤਰ ਕੀਤੇ ਜਾਣਗੇ।

ਵਾਤਾਵਰਣ ਸਬੰਧੀ ਪ੍ਰਵਾਨਗੀਆਂ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਹੁਣ ਬੋਲੀਕਾਰਾਂ ਨੂੰ ਦਿੱਤੀ ਗਈ ਹੈ, ਜਿਸ ਨਾਲ ਖਾਣਾਂ ਨੂੰ ਕਾਰਜਸ਼ੀਲ ਕਰਨ ਵਿੱਚ ਹੋਣ ਵਾਲੀ ਦੇਰੀ ਕਾਫ਼ੀ ਹੱਦ ਤੱਕ ਘੱਟ ਜਾਵੇਗੀ। ਖਾਣਾਂ ਦੇ ਕਾਰਜਸ਼ੀਲ ਨਾ ਹੋਣ ਦੀ ਸੂਰਤ ‘ਤੇ ਵੀ ਘੱਟੋ-ਘੱਟ ਭੁਗਤਾਨ ਯਕੀਨੀ ਬਣਾ ਕੇ ਸੱਟੇ ਵਾਲੀ ਬੋਲੀ ਨੂੰ ਰੋਕਣ ਲਈ ਸਪੱਸ਼ਟ “ਡੈੱਡ ਰੈਂਟ” ਪ੍ਰਬੰਧ ਵੀ ਸ਼ੁਰੂ ਕੀਤੇ ਗਏ ਹਨ। ਇਸ ਤੋਂ ਇਲਾਵਾ ਲੀਜ਼ ਦੀ ਮਿਆਦ ਤਿੰਨ ਸਾਲਾਂ ਤੋਂ ਵਧਾ ਕੇ ਪੰਜ ਸਾਲ ਕਰ ਦਿੱਤੀ ਗਈ ਹੈ, ਜਿਸ ਨਾਲ ਆਪ੍ਰੇਟਰਾਂ ਨੂੰ ਵਧੇਰੇ ਸਥਿਰਤਾ ਅਤੇ ਮਜ਼ਬੂਤ ਯੋਜਨਾਬੰਦੀ ਪ੍ਰਦਾਨ ਕੀਤੀ ਗਈ ਹੈ।

ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਜਿਵੇਂ ਪਹਿਲੇ ਪੜਾਅ ਵਿੱਚ 29 ਥਾਵਾਂ ਦੀ ਨਿਲਾਮੀ ਕੀਤੀ ਗਈ ਹੈ, ਉਸੇ ਤਰ੍ਹਾਂ ਵੱਖ-ਵੱਖ ਪੜਾਵਾਂ ਵਿੱਚ ਲਗਭਗ 100 ਹੋਰ ਥਾਵਾਂ ਦੀ ਨਿਲਾਮੀ ਕੀਤੀ ਜਾਵੇਗੀ। ਇਨ੍ਹਾਂ ਸੁਧਾਰਾਂ ਨਾਲ ਕੱਚੇ ਮਾਲ ਦੀ ਕਾਨੂੰਨੀ ਸਪਲਾਈ ਵਿੱਚ ਵਾਧਾ ਹੋਣ, ਕਾਰਜਸ਼ੀਲਤਾ ਸਬੰਧੀ ਸਮਾਂ-ਸੀਮਾਵਾਂ ਵਿੱਚ ਤੇਜ਼ੀ ਲਿਆਉਣ, ਰੈਗੂਲੇਟਰੀ ਪ੍ਰਣਾਲੀ ਵਿੱਚ ਪਾਰਦਰਸ਼ਤਾ ਅਤੇ ਸਰਕਾਰੀ ਮਾਲੀਏ ਵਿੱਚ ਕਾਫ਼ੀ ਵਾਧਾ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ।

ਸਰਕਾਰ ਦਾ ਮੰਨਣਾ ਹੈ ਕਿ ਨੀਤੀਗਤ ਸੋਧਾਂ, ਸੀ.ਆਰ.ਐਮ.ਐਸ./ਐਲ.ਐਮ.ਐਸ. ਦੀ ਸ਼ੁਰੂਆਤ ਅਤੇ ਨਿਲਾਮੀ ਸਬੰਧੀ ਸੁਧਾਰਾਂ ਨਾਲ ਪੰਜਾਬ ਦੇ ਮਾਈਨਿੰਗ ਸੈਕਟਰ ਵਿੱਚ ਵਿਆਪਕ ਸੁਧਾਰ ਹੋਣਗੇ, ਜਿਨ੍ਹਾਂ ਦਾ ਉਦੇਸ਼ ਗੁੰਝਲਦਾਰ ਪ੍ਰਣਾਲੀ ਨੂੰ ਦੂਰ ਕਰਕੇ ਪਾਰਦਰਸ਼ਤਾ ਲਿਆਉਣਾ, ਏਕਾਧਿਕਾਰ ਨੂੰ ਖ਼ਤਮ ਕਰਨਾ, ਗ਼ੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਕੁਦਰਤੀ ਸਰੋਤਾਂ ਦੀ ਵਰਤੋਂ ਜਨਤਕ ਹਿੱਤਾਂ ਲਈ ਕੀਤੀ ਜਾਵੇ।

ਪੰਜਾਬ ਸਰਕਾਰ ਵੱਲੋਂ ਇਸ ਗੱਲ ‘ਤੇ ਜ਼ੋਰ ਦਿੱਤਾ ਗਿਆ ਹੈ ਕਿ ਪਾਰਦਰਸ਼ੀ ਆਨਲਾਈਨ ਨਿਲਾਮੀ ਦੀ ਸ਼ੁਰੂਆਤ, ਸੀ.ਆਰ.ਐਮ.ਐਸ. ਅਤੇ ਐਲ.ਐਮ.ਐਸ. ਰਾਹੀਂ ਮਾਈਨਿੰਗ ਨੂੰ ਕਾਨੂੰਨੀ ਮਾਨਤਾ ਦੇਣਾ, ਸੂਬੇ ਦੇ ਮਾਲੀਏ ਦੀ ਰੱਖਿਆ ਕਰਨ, ਯੋਗ ਆਪ੍ਰੇਟਰਾਂ ਲਈ ਬਰਾਬਰ ਦੇ ਮੌਕੇ ਪ੍ਰਦਾਨ ਕਰਨ ਅਤੇ ਮਾਈਨਿੰਗ ਦੇ ਪ੍ਰਸ਼ਾਸਨਿਕ ਢਾਂਚੇ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਬਹਾਲ ਕਰਨ ਲਈ ਬੇਹੱਦ ਜ਼ਰੂਰੀ ਹੈ।

# ਭਾਜਪਾ ਨੇ ਆਤਿਸ਼ੀ ਦੀ ਫਰਜ਼ੀ ਵੀਡੀਓ ‘ਚ ਗੁਰੂਆਂ ਦਾ ਨਾਮ ਜੋੜ ਕੇ ਬੇਅਦਬੀ ਕੀਤੀ – CM ਮਾਨ

## ਭਾਜਪਾ ਦੀ ਗੰਦੀ ਰਾਜਨੀਤੀ ‘ਚ ਸ਼ਾਮਲ ਹੋ ਕੇ ਕਾਂਗਰਸ ਅਤੇ ਅਕਾਲੀ ਦਲ ਨੇ ਵੀ ਗੁਰੂ ਸਾਹਿਬਾਨ ਦੀ ਬੇਅਦਬੀ ਕੀਤੀ- ਭਗਵੰਤ ਸਿੰਘ ਮਾਨ*

## ਗੁਰੂਆਂ ਦੀ ਬੇਅਦਬੀ ਖ਼ਿਲਾਫ਼ ਪੰਜਾਬ ਪੁਲਿਸ ਦੀ ਕਾਰਵਾਈ ਜਾਇਜ਼: ਭਗਵੰਤ ਸਿੰਘ ਮਾਨ*

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 11 ਜਨਵਰੀ
INTERNATIONAL PAPER, 94636 01616
hardipchumber57@gmail.com




ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਦੇ ਦਿੱਲੀ ਵਿਧਾਨ ਸਭਾ ਦੇ ਵੀਡੀਓ ਨਾਲ ਛੇੜਛਾੜ ਕਰਨ ਲਈ ਭਾਜਪਾ ਦੀ ਸਖ਼ਤ ਸ਼ਬਦਾਂ ‘ਚ ਨਿਖੇਧੀ ਕਰਦਿਆਂ ਇਸ ਨੂੰ ਪੰਜਾਬ ਵਿੱਚ ਫਿਰਕੂ ਹਿੰਸਾ ਭੜਕਾਉਣ ਦੀ ਘਟੀਆ ਸਾਜ਼ਿਸ਼ ਕਰਾਰ ਦਿੱਤਾ। ਇਹ ਕਹਿੰਦਿਆਂ ਕਿ ਧਰਮ ਨਿਰਪੱਖ ਪੰਜਾਬ ਸਰਕਾਰ ਅਜਿਹੇ ਮਨਸੂਬਿਆਂ ਨੂੰ ਸਫ਼ਲ ਨਹੀਂ ਹੋਣ ਦੇਵੇਗੀ, ਮੁੱਖ ਮੰਤਰੀ ਨੇ ਕਿਹਾ ਕਿ ਵੀਡੀਓ ਨੂੰ ਐਡਿਟ ਕਰਕੇ ਇਸ ਵਿੱਚ ਜਾਣਬੁੱਝ ਕੇ ਗਲਤ ਸ਼ਬਦਾਵਲੀ ਸ਼ਾਮਲ ਕੀਤੀ ਗਈ ਹੈ, ਜੋ ਕਿ ਸਿੱਖ ਧਰਮ ਦੀ ਘੋਰ ਬੇਅਦਬੀ ਹੈ। ਉਨ੍ਹਾਂ ਨਾਲ ਹੀ ਦੱਸਿਆ ਕਿ ਫੋਰੈਂਸਿਕ ਜਾਂਚ ਰਿਪੋਰਟ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਤਿਸ਼ੀ ਨੇ ਆਪਣੇ ਬਿਆਨ ਵਿੱਚ ਕਿਤੇ ਵੀ “ਗੁਰੂ” ਸ਼ਬਦ ਬੋਲਿਆ ਹੀ ਨਹੀਂ।

ਭਾਜਪਾ ਨੇਤਾ ਕਪਿਲ ਮਿਸ਼ਰਾ ਵਿਰੁੱਧ ਪੰਜਾਬ ਪੁਲਿਸ ਦੀ ਕਾਰਵਾਈ ਨੂੰ ਜਾਇਜ਼ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਝੂਠੀ ਵੀਡੀਓ ਕਲਿੱਪ ਵਿਧਾਨ ਸਭਾ ਦੇ ਅਧਿਕਾਰਤ ਰਿਕਾਰਡ ਵਿੱਚ ਕਿਤੇ ਵੀ ਨਹੀਂ ਹੈ ਅਤੇ ਭਾਜਪਾ ਚੰਡੀਗੜ੍ਹ, ਬੀ.ਬੀ.ਐਮ.ਬੀ. ਅਤੇ ਪੰਜਾਬ ਯੂਨੀਵਰਸਿਟੀ ਵਰਗੇ ਆਦਿ ਮੁੱਦਿਆਂ ‘ਤੇ ਪੰਜਾਬ ਵਿਰੋਧੀ ਮਾਨਸਿਕਤਾ ਨਾਲ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਵਿੱਚ ਵਿਰੋਧੀ ਧਿਰ ਦੇ ਨੇਤਾ ਘਟੀਆ ਰਾਜਨੀਤੀ ਕਰਦਿਆਂ ਸੂਬਾ ਸਰਕਾਰ ਵਿਰੁੱਧ ਕੋਈ ਠੋਸ ਮੁੱਦਾ ਨਾ ਹੋਣ ਕਰਕੇ ਇਸ ਝੂਠ ਦਾ ਬਚਾਅ ਕਰਨ ਲਈ ਤਰਲੋ-ਮੱਛੀ ਹੋ ਰਹੇ ਹਨ।

ਬਠਿੰਡਾ ਵਿੱਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ੁਰੂਆਤ ਤੋਂ ਹੀ ਭਾਜਪਾ ਨੇ ਫਿਰਕਾਪ੍ਰਸਤੀ, ਵੰਡ ਅਤੇ ਨਫ਼ਰਤ ਦੀ ਰਾਜਨੀਤੀ ਕੀਤੀ ਹੈ ਅਤੇ ਇਸੇ ਦੇ ਹਿੱਸੇ ਵਜੋਂ ਵਿਧਾਨ ਸਭਾ ਚੋਣਾਂ ਨੇੜੇ ਆਉਣ ਦੇ ਮੱਦੇਨਜ਼ਰ ਭਾਜਪਾ ਨੇ ਪੰਜਾਬ ਵਿੱਚ ਲੋਕਾਂ ਨੂੰ ਫਿਰਕੂ ਲੀਹਾਂ ‘ਤੇ ਵੰਡਣ ਲਈ ਇਸ ਏਜੰਡੇ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਨੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਦੇ ਵੀਡੀਓ ਨਾਲ ਛੇੜਛਾੜ ਕਰਦਿਆਂ ਇਸ ਵਿੱਚ ਇਤਰਾਜ਼ਯੋਗ ਸ਼ਬਦਾਵਲੀ ਸ਼ਾਮਲ ਕੀਤੀ ਹੈ। ਇੱਥੋਂ ਤੱਕ ਕਿ ਫੋਰੈਂਸਿਕ ਜਾਂਚ ‘ਚ ਵੀ ਸਪੱਸ਼ਟ ਤੌਰ ‘ਤੇ ਸਾਬਤ ਹੋ ਗਿਆ ਹੈ ਕਿ ‘ਆਪ’ ਨੇਤਾ ਨੇ ਕਿਤੇ ਵੀ ‘ਗੁਰੂ’ ਸ਼ਬਦ ਬੋਲਿਆ ਹੀ ਨਹੀਂ।

ਮੁੱਖ ਮੰਤਰੀ ਨੇ ਕਿਹਾ ਕਿ ਆਪਣੇ ਸੌੜੇ ਰਾਜਨੀਤਿਕ ਹਿੱਤਾਂ ਦੀ ਪੂਰਤੀ ਲਈ ਤੱਥਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨਾ ਭਗਵਾ ਪਾਰਟੀ ਦੀ ਪੁਰਾਣੀ ਰਣਨੀਤੀ ਹੈ ਅਤੇ ਇਸ ਕਾਰਵਾਈ ਨੇ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ ਕਿਉਂਕਿ ਵੀਡੀਓ ਨਾਲ ਛੇੜਛਾੜ ਕਰਕੇ ਉਨ੍ਹਾਂ ਨੇ ਬੇਅਦਬੀ ਕੀਤੀ ਹੈ, ਜੋ ਕਿ ਬਿਲਕੁਲ ਵੀ ਬਰਦਾਸ਼ਤ ਯੋਗ ਨਹੀਂ। ਉਨ੍ਹਾਂ ਕਿਹਾ ਕਿ ਇਹ ਘਟੀਆ ਹਰਕਤ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਜ਼ਰੂਰ ਮਿਲੇਗੀ। ਉਨ੍ਹਾਂ ਕਿਹਾ ਕਿ ਵੀਡੀਓ ਨਾਲ ਛੇੜਛਾੜ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਕਿਉਂਕਿ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਵੱਲੋਂ ਸਦਨ ਦੀ ਕਾਰਵਾਈ ਵਿੱਚ ਇਹ ਸ਼ਬਦ ਕਿਤੇ ਵੀ ਬੋਲੇ ਦਿਖਾਈ ਨਹੀਂ ਦਿੰਦੇ।

ਭਾਜਪਾ ਨੇਤਾ ਕਪਿਲ ਮਿਸ਼ਰਾ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿਸ ਨੇਤਾ ਨੇ ਸੋਸ਼ਲ ਮੀਡੀਆ ‘ਤੇ ਇਹ ਐਡਿਟਡ (ਛੇੜਛਾੜ ਵਾਲਾ) ਵੀਡੀਓ ਅਪਲੋਡ ਕੀਤਾ ਸੀ, ਉਸ ਨੂੰ ਆਪਣੇ ਕੁਕਰਮਾਂ ਦੇ ਨਤੀਜੇ ਭੁਗਤਣੇ ਪੈਣਗੇ ਅਤੇ ਪੰਜਾਬ ਪੁਲਿਸ ਨੇ ਉਸ ਵਿਰੁੱਧ ਸਹੀ ਕੇਸ ਦਰਜ ਕੀਤਾ ਹੈ। ਇੱਥੇ ਦਿੱਲੀ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰ ਦਾ ਕੋਈ ਮਸਲਾ ਨਹੀਂ ਹੈ। ਕਪਿਲ ਮਿਸ਼ਰਾ ‘ਤੇ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਕੇਸ ਦਰਜ ਕੀਤਾ ਗਿਆ ਹੈ ਅਤੇ ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਚੰਡੀਗੜ੍ਹ, ਬੀ.ਬੀ. ਐਮ.ਬੀ., ਪੰਜਾਬ ਯੂਨੀਵਰਸਿਟੀ, ਗਣਤੰਤਰ ਦਿਵਸ ਦੀਆਂ ਝਾਕੀਆਂ ਅਤੇ ਹੋਰ ਮਾਮਲਿਆਂ ‘ਤੇ ਭਾਜਪਾ ਦੇ ਪੰਜਾਬ ਵਿਰੋਧੀ ਸਟੈਂਡ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਪ੍ਰਤੀ ਭਗਵਾ ਪਾਰਟੀ ਦਾ ਰਵੱਈਆ ਹਮੇਸ਼ਾ ਦੁਸ਼ਮਣੀ ਵਾਲਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸੂਬਾਈ ਭਾਜਪਾ ਪ੍ਰਧਾਨ ਸੁਨੀਲ ਜਾਖੜ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਅੱਜ ਅਜੀਬੋ-ਗਰੀਬ ਸਥਿਤੀ ਵਿੱਚ ਘਿਰ ਗਏ ਹਨ ਕਿਉਂਕਿ ਉਹ ਵਾਰ-ਵਾਰ ਝੂਠ ਦਾ ਸਹਾਰਾ ਲੈ ਕੇ ਪੰਜਾਬ ਪ੍ਰਤੀ ਭਾਜਪਾ ਦੇ ਰਵੱਈਏ ਨੂੰ ਜਾਇਜ਼ ਠਹਿਰਾਉਣ ਲਈ ਮਜਬੂਰ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਅਤੇ ਇਸ ਦੀ ਲੀਡਰਸ਼ਿਪ ‘ਚ ਮਹਾਨ ਸਿੱਖ ਗੁਰੂ ਸਾਹਿਬਾਨ ਪ੍ਰਤੀ ਸਤਿਕਾਰ ਦੀ ਭਾਵਨਾ ਕਿਤੇ ਨਜ਼ਰ ਨਹੀਂ ਆਉਂਦੀ ਅਤੇ ਪ੍ਰਧਾਨ ਮੰਤਰੀ ਕੋਲ ਤਾਂ ਕਦੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ(ਸ਼ਹੀਦੀ ਵਰ੍ਹੇਗੰਢ) ਦੀ ਯਾਦ ਵਿੱਚ ਕਰਵਾਏ ਗਏ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਸੱਦਾ ਸਵੀਕਾਰਨ ਦਾ ਸਮਾਂ ਵੀ ਨਹੀਂ ਸੀ। ਹਰ ਕੋਈ ਜਾਣਦਾ ਹੈ ਕਿ ਨਾ ਤਾਂ ਪ੍ਰਧਾਨ ਮੰਤਰੀ ਅਤੇ ਨਾ ਹੀ ਭਾਜਪਾ ਦਾ ਕੋਈ ਸੀਨੀਅਰ ਨੇਤਾ ਜਾਂ ਕੇਂਦਰੀ ਮੰਤਰੀ ਇਨ੍ਹਾਂ ਸਮਾਗਮਾਂ ‘ਚ ਨਤਮਸਤਕ ਹੋਣ ਲਈ ਪੰਜਾਬ ਆਇਆ। ਇਹ ਸਿੱਖਾਂ ਅਤੇ ਸਾਡੇ ਮਹਾਨ ਗੁਰੂ ਸਾਹਿਬਾਨ ਪ੍ਰਤੀ ਸੌੜੀ ਅਤੇ ਘਟੀਆ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਾਂਗਰਸ, ਅਕਾਲੀ ਦਲ ਅਤੇ ਭਾਜਪਾ, ਪੰਜਾਬ ਅਤੇ ਇਸ ਦੀ ਸਰਕਾਰ ਵਿਰੁੱਧ ਇੱਕੋ ਪਟੜੀ ‘ਤੇ ਚੱਲ ਰਹੇ ਹਨ। ਇਹ ਪਾਰਟੀਆਂ ਇਕੋ ਦਿਨ ਵੱਖ-ਵੱਖ ਸਮੇਂ ‘ਤੇ ਇੱਕੋ ਜਿਹੇ ਪ੍ਰੈਸ ਨੋਟ ਵੀ ਜਾਰੀ ਕਰਦੀਆਂ ਹਨ, ਜਿਨ੍ਹਾਂ ਦਾ ਇੱਕੋ-ਇੱਕ ਉਦੇਸ਼ ਸੂਬਾ ਸਰਕਾਰ ਵਿਰੁੱਧ ਜ਼ਹਿਰ ਫੈਲਾਉਣਾ ਹੈ।

ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ‘ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੁਖਬੀਰ ਬਾਦਲ ਪੰਜਾਬ ਦੇ ਮੁੱਦਿਆਂ ‘ਤੇ ਮਗਰਮੱਛ ਦੇ ਹੰਝੂ ਵਹਾ ਰਹੇ ਹਨ ਪਰ ਇਹ ਉਹੀ ਆਗੂ ਹਨ, ਜਿਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਦਾ ਦਰਜਾ ਦੇਣ ਲਈ ਸਹਿਮਤੀ ਦਿੱਤੀ ਸੀ ਅਤੇ ਜਿਨ੍ਹਾਂ ਨੇ ਕਾਲੇ ਖੇਤੀ ਕਾਨੂੰਨਾਂ ਲਈ ਮੋਦੀ ਦੀ ਪ੍ਰਸ਼ੰਸਾ ਵੀ ਕੀਤੀ ਸੀ।

ਉਨ੍ਹਾਂ ਕਿਹਾ ਕਿ ਇਹ ਪਾਰਟੀਆਂ ਪਹਿਲਾਂ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਨੂੰ ਸਰਪ੍ਰਸਤੀ ਵੀ ਦਿੰਦੀਆਂ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਅੱਜ ਵੀ ਉਹ ਗੈਂਗਸਟਰਾਂ ਨੂੰ ਟਿਕਟਾਂ ਦੇ ਰਹੇ ਹਨ। ਸਾਬਕਾ ਕਾਂਗਰਸੀ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ‘ਤੇ ਵਰ੍ਹਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰੰਧਾਵਾ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਪਿਤਾ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਆਪ੍ਰੇਸ਼ਨ ਬਲੂਸਟਾਰ ਲਈ ਵਧਾਈ ਦਿੱਤੀ ਸੀ। ਗੁਰਦਾਸਪੁਰ ਤੋਂ ਮੌਜੂਦਾ ਲੋਕ ਸਭਾ ਮੈਂਬਰ ਉਸੇ ਕਾਂਗਰਸ ਪਾਰਟੀ ਦੀ ਨੁਮਾਇੰਦਗੀ ਕਰ ਰਹੇ ਹਨ, ਜਿਸ ਨੇ ਸਿੱਖਾਂ ਦੇ ਸਭ ਤੋਂ ਪਵਿੱਤਰ ਧਾਰਮਿਕ ਸਥਾਨਾਂ ਵਿਚੋਂ ਇੱਕ ‘ਤੇ ਆਪ੍ਰੇਸ਼ਨ ਬਲੂਸਟਾਰ ਕੀਤਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਿਰੁੱਧ ਕੋਈ ਠੋਸ ਮੁੱਦਾ ਨਾ ਹੋਣ ਕਰਕੇ ਵਿਰੋਧੀ ਧਿਰ ਦੇ ਨੇਤਾ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਸਭ ਦੇ ਬਾਵਜੂਦ ਮੇਰੀ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਨਹੀਂ ਛੱਡੀ ਜਾ ਰਹੀ ਹੈ।

ਸਿੱਖਿਆ ਖੇਤਰ ‘ਚ ਪ੍ਰਾਪਤੀਆਂ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰੀ ਸਕੂਲਾਂ ਨੂੰ ਸਕੂਲ ਆਫ਼ ਐਮੀਨੈਂਸ ਵਿੱਚ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਸੂਬਾ ਸਰਕਾਰ ਦੇ ਨਿਰੰਤਰ ਯਤਨਾਂ ਸਦਕਾ ਪੰਜਾਬ ਨੇ ਕੇਂਦਰ ਸਰਕਾਰ ਦੁਆਰਾ ਕਰਵਾਏ ਗਏ ਰਾਸ਼ਟਰੀ ਮੁਲਾਂਕਣ ਸਰਵੇਖਣ ਵਿੱਚ ਪਹਿਲੀ ਵਾਰ ਕੇਰਲਾ ਨੂੰ ਪਛਾੜਦੇ ਹੋਏ ਦੇਸ਼ ਭਰ ਵਿੱਚ ਸਿਖਰਲਾ ਸਥਾਨ ਪ੍ਰਾਪਤ ਕੀਤਾ ਹੈ। ਸਰਕਾਰੀ ਸਕੂਲਾਂ ਦੇ 848 ਵਿਦਿਆਰਥੀਆਂ ਨੇ ਨੀਟ ਪ੍ਰੀਖਿਆ, 265 ਨੇ ਜੇਈਈ ਅਤੇ 45 ਨੇ ਜੇਈਈ ਐਡਵਾਂਸਡ ਪ੍ਰੀਖਿਆ ਪਾਸ ਕੀਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਪੇਸ਼ੇਵਰ ਸਿਖਲਾਈ ਲਈ ਸਿੰਗਾਪੁਰ, ਫਿਨਲੈਂਡ ਅਤੇ ਅਹਿਮਦਾਬਾਦ ਭੇਜਿਆ ਜਾ ਰਿਹਾ ਹੈ। ਧਾਰਮਿਕ ਮੁੱਦੇ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੈਂ 15 ਜਨਵਰੀ ਨੂੰ ਸਾਰੇ ਤੱਥਾਂ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਵਾਂਗਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਹਰ ਸਿੱਖ ਲਈ ਪਵਿੱਤਰ ਅਤੇ ਸਰਵਉੱਚ ਸਤਿਕਾਰਤ ਅਸਥਾਨ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਤੌਰ ‘ਤੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਮੇਰੇ ਲਈ ਸਭ ਕੁਝ ਤੋਂ ਉੱਪਰ ਹਨ ਅਤੇ ਮੈਂ ਉੱਥੋਂ ਆਉਣ ਵਾਲੇ ਕਿਸੇ ਵੀ ਆਦੇਸ਼ ਦਾ ਸੱਚੀ ਭਾਵਨਾ ਨਾਲ ਪਾਲਣ ਕਰਾਂਗਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਮੇਰੇ ਅਤੇ ਮੇਰੇ ਪਰਿਵਾਰ ਲਈ ਹਮੇਸ਼ਾ ਸਰਵਉੱਚ ਸੀ, ਹੈ ਅਤੇ ਰਹੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਸਾਡਾ ਅਤਿ-ਸਤਿਕਾਰਯੋਗ ਅਸਥਾਨ ਹੈ ਜਿੱਥੋਂ ਸਮੂਹ ਸਿੱਖ ਭਾਈਚਾਰੇ ਅਤੇ ਸੰਗਤ ਨੂੰ ਇਲਾਹੀ ਸ਼ਾਂਤੀ, ਤਾਕਤ, ਸਮਰੱਥਾ ਅਤੇ ਸੇਧ ਮਿਲਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਹੋਏ ਸਰੂਪਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਦੇ ਗਠਨ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਸਿੱਟ ਬਣਾਉਣ ਪਿੱਛੇ ਕੋਈ ਰਾਜਨੀਤੀ ਨਹੀਂ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਇਹ ਪਾਪ ਕੀਤਾ ਹੈ, ਉਹ ਹੀ ਜਾਂਚ ਤੋਂ ਡਰਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਚੋਣ ਲਗਪਗ 14 ਸਾਲ ਪਹਿਲਾਂ ਹੋਈ ਸੀ ਅਤੇ ਬਹੁਤ ਸਾਰੇ ਮੈਂਬਰਾਂ ਦੇ ਦੇਹਾਂਤ ਜਾਂ ਵਿਦੇਸ਼ ਚਲੇ ਜਾਣ ਦੇ ਬਾਵਜੂਦ ਇਸ ਸਤਿਕਾਰਤ ਸੰਸਥਾ ਦਾ ਕੰਮਕਾਜ ਜਾਰੀ ਰਿਹਾ। ਉਨ੍ਹਾਂ ਅੱਗੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਕਈ ਅਧਿਕਾਰੀਆਂ ਵੱਲੋਂ ਆਪਣੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਸਮੇਂ-ਸਮੇਂ ‘ਤੇ ਗੁਮਰਾਹਕੁੰਨ ਬਿਆਨ ਵੀ ਦਿੱਤੇ ਗਏ।

# AAP ਦੀ ਵੱਡੀ ਕਾਰਵਾਈ, ਤਿੰਨ ਆਗੂਆਂ ਨੂੰ ਕੀਤਾ ਮੁਅੱਤਲ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 11 ਜਨਵਰੀ
INTERNATIONAL PAPER, 94636 01616
hardipchumber57@gmail.com



ਆਮ ਆਦਮੀ ਪਾਰਟੀ (Punjab ) ਵੱਲੋਂ ਵੱਡੀ ਕਾਰਵਾਈ ਕੀਤੀ ਗਈ ਹੈ। ਲੌਂਗੋਵਾਲ ਨਗਰ ਕੌਂਸਲ ਦੀ ਪ੍ਰਧਾਨ ਪਰਮਿੰਦਰ ਕੌਰ ਬਰਾੜ ਨੂੰ ਪਾਰਟੀ ਤੋਂ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਇਸ ਦੇ ਨਾਲ ਹੀ ਕਮਲ ਬਰਾੜ ਅਤੇ ਕਰਮ ਸਿੰਘ ਬਰਾੜ ਨੂੰ ਵੀ ਆਮ ਆਦਮੀ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਮੁਅੱਤਲ ਕੀਤਾ ਗਿਆ ਹੈ। ਪਾਰਟੀ ਵੱਲੋਂ ਜਾਰੀ ਕੀਤੇ ਅਧਿਕਾਰਿਕ ਪੱਤਰ ਅਨੁਸਾਰ ਪਰਮਿੰਦਰ ਕੌਰ ਬਰਾੜ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਰਹੀ ਜਿਸ ਕਾਰਨ ਇਹ ਵੱਡਾ ਕਦਮ ਚੁੱਕਿਆ ਗਿਆ ਹੈ ।

ਨਗਰ ਕੌਂਸਲ ਲੌਂਗੋਵਾਲ ਦੀ ਪ੍ਰਧਾਨ ਪਰਮਿੰਦਰ ਕੌਰ ਬਰਾੜ ਆਪਣੇ ਪਤੀ ਕਮਲ ਸਿੰਘ ਬਰਾੜ ਤੇ ਆਪਣੀ ਸਮੁੱਚੀ ਟੀਮ ਨਾਲ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਈ। ਐਤਵਾਰ ਨੂੰ ਲੌਂਗੋਵਾਲ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਰਾੜ ਪਰਿਵਾਰ ਨੂੰ ਪਾਰਟੀ ਦਾ ਸਿਰੋਪਾਓ ਭੇਟ ਕਰਕੇ ਰਸਮੀ ਤੌਰ ‘ਤੇ ਪਾਰਟੀ ਵਿੱਚ ਸ਼ਾਮਲ ਕੀਤਾ ਅਤੇ ਸਭ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦੇਣ ਦਾ ਭਰੋਸਾ ਦਿੱਤਾ ਗਿਆ। ਇਹ ਸਾਰੇ ਨੁਮਾਇੰਦੇ ਲੰਬੇ ਸਮੇਂ ਤੋਂ ਆਮ ਆਦਮੀ ਪਾਰਟੀ ਵਿੱਚ ਕਾਰਜਸ਼ੀਲ ਸਨ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਇਹਨਾਂ ਦੀ ਸ਼ਮੂਲੀਅਤ ਨਾਲ ਪਾਰਟੀ ਨੂੰ ਵੱਡਾ ਬਲ ਮਿਲਿਆ ਹੈ ।

# ਗੁਰਦਾਸਪੁਰ ‘ਚ ਚਾਈਨਾ ਡੋਰ ਦੀ ਲਪੇਟ ’ਚ ਆਉਣ ਨਾਲ ਵਿਅਕਤੀ ਗੰਭੀਰ ਜ਼ਖ਼ਮੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 11 ਜਨਵਰੀ
INTERNATIONAL PAPER, 94636 01616
hardipchumber57@gmail.com

ਪੰਜਾਬ ਸਰਕਾਰ ਵੱਲੋਂ ਚਾਈਨਾ ਡੋਰ ‘ਤੇ ਪੂਰਨ ਪਾਬੰਦੀ ਲਗਾਏ ਜਾਣ ਦੇ ਬਾਵਜੂਦ ਵੀ ਹੈਰਾਨੀਜਨਕ ਮਾਮਲੇ ਸਾਹਮਣੇ ਆ ਰਹੇ ਹਨ। ਤਾਜ਼ਾ ਮਾਮਲਾ ਗੁਰਦਾਸਪੁਰ ਤੋਂ ਸਾਹਮਣੇ ਆਇਆ ਹੈ ਜਿਥੇ ਮੋਟਰਸਾਈਕਲ ਸਵਾਰ ਇੱਕ ਨੌਜਵਾਨ ਚਾਈਨਾ ਡੋਰ ਦੀ ਲਪੇਟ ’ਚ ਆਉਣ ਨਾਲ ਗੰਭੀਰ ਜ਼ਖਮੀ ਹੋ ਗਿਆ। ਹਾਦਸੇ ਦਾ ਸ਼ਿਕਾਰ ਹੋਏ ਗੁਰਦਾਸਪੁਰ ਦੇ ਪਿੰਡ ਪੰਧੇਰ ਦੇ ਜਤਿੰਦਰ ਸਿੰਘ ਦੇ ਮੱਥੇ ਅਤੇ ਨੱਕ ‘ਤੇ ਲਗਭਗ 35 ਟਾਂਕੇ ਲੱਗੇ ਹਨ। ਉਸਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਅਤੇ ਉਸਦਾ ਇਲਾਜ ਚੱਲ ਰਿਹਾ ਹੈ।

ਨੌਜਵਾਨ ਨੇ ਦੱਸਿਆ ਕਿ ਉਹ ਅੱਜ ਸ਼ਾਮ 4 ਵਜੇ ਆਪਣੇ ਭਰਾ ਦੀ ਦਵਾਈ ਲੈਣ ਲਈ ਗੁਰਦਾਸਪੁਰ ਜਾ ਰਿਹਾ ਸੀ ਕਿ ਅਚਾਨਕ ਚਾਈਨਾ ਡੋਰ ਉਸਦੀ ਮੋਟਰਸਾਈਕਲ ਦੇ ਅੱਗੇ ਆ ਗਈ। ਇਸ ਨਾਲ ਉਸਦੇ ਮੱਥੇ ਅਤੇ ਨੱਕ ‘ਤੇ ਡੂੰਘੇ ਕੱਟ ਲੱਗ ਗਏ ਅਤੇ ਉਹ ਸੜਕ ‘ਤੇ ਡਿੱਗ ਪਿਆ। ਇਸ ਤੋਂ ਬਾਅਦ ਉਸਨੇ ਆਪਣੇ ਦੋਸਤਾਂ ਨੂੰ ਬੁਲਾਇਆ, ਜਿਨ੍ਹਾਂ ਨੇ ਆ ਕੇ ਉਸਨੂੰ ਹਸਪਤਾਲ ਪਹੁੰਚਾਇਆ। ਜਿਥੇ ਡਾਕਟਰਾਂ ਨੇ ਉਸ ਦੇ ਨੱਕ, ਭਰਵੱਟੇ ਅਤੇ ਮੱਥੇ ‘ਤੇ ਡੂੰਘੇ ਜ਼ਖ਼ਮਾਂ ਕਾਰਨ ਲਗਭਗ 35 ਟਾਂਕੇ ਲਗਾਏ।

ਡਾਕਟਰਾਂ ਨੇ ਕਿਹਾ ਕਿ ਨੌਜਵਾਨ ਨੇ ਪੱਗ ਬੰਨ੍ਹੀ ਹੋਈ ਸੀ, ਜਿਸ ਕਾਰਨ ਉਸਦੀ ਜਾਨ ਬਚ ਗਈ; ਨਹੀਂ ਤਾਂ ਸਥਿਤੀ ਹੋਰ ਵੀ ਗੰਭੀਰ ਹੋ ਸਕਦੀ ਸੀ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚਾਈਨਾ ਡੋਰ ਦੀ ਵਿਕਰੀ ‘ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੀ ਅਪੀਲ ਕੀਤੀ।

# ‘ਆਪ’ ਸਰਪੰਚ ਦੇ ਕਤਲ ਮਾਮਲੇ ‘ਚ ਵੱਡੀ ਕਾਰਵਾਈ: ਦੋ ਸ਼ੂਟਰ ਗ੍ਰਿਫ਼ਤਾਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 11 ਜਨਵਰੀ
INTERNATIONAL PAPER, 94636 01616
hardipchumber57@gmail.com

ਅੰਮ੍ਰਿਤਸਰ ਵਿੱਚ ਬੀਤੇ ਦਿਨੀ ਆਮ ਆਦਮੀ ਪਾਰਟੀ (ਆਪ) ਦੇ ਸਰਪੰਚ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਮਾਮਲੇ ‘ਚ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਐਤਵਾਰ ਨੂੰ ਛੱਤੀਸਗੜ੍ਹ ਤੋਂ ਰਾਏਪੁਰ ਅਤੇ ਪੰਜਾਬ ਪੁਲਿਸ ਨੇ ਦੋਵਾਂ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ।

ਜਾਣਕਾਰੀ ਦੇ ਅਨੁਸਾਰ, ਤਕਨੀਕੀ ਜਾਣਕਾਰੀ ਅਤੇ ਲੋਕੇਸ਼ਨ ਟਰੇਸਿੰਗ ਨੇ ਪੰਜਾਬ ਪੁਲਿਸ ਨੂੰ ਇਹ ਪਤਾ ਲਗਾਉਣ ਵਿੱਚ ਮਦਦ ਕੀਤੀ ਕਿ ਦੋਨੋ ਮੁਲਜ਼ਮ ਰਾਏਪੁਰ ਵਿੱਚ ਇੱਕ ਰਿਸ਼ਤੇਦਾਰ ਦੇ ਘਰ ਲੁਕੇ ਹੋਏ ਸਨ। ਦੋਵਾਂ ਸ਼ੂਟਰਾਂ ਦਾ ਟਿਕਾਣਾ ਰਾਜਿੰਦਰ ਨਗਰ ਦੇ ਰਿਸ਼ਭ ਅਪਾਰਟਮੈਂਟਸ ਵਿੱਚ ਮਿਲਿਆ। ਲੋਕੇਸ਼ਨ ਦੀ ਪੁਸ਼ਟੀ ਕਰਨ ਤੋਂ ਬਾਅਦ, ਪੰਜਾਬ ਅਤੇ ਰਾਏਪੁਰ ਪੁਲਿਸ ਨੇ ਛਾਪੇਮਾਰੀ ਕੀਤੀ। ਇਸ ਦੌਰਾਨ ਸ਼ੂਟਰ ਸੁਖਰਾਜ ਅਤੇ ਕਰਮਵੀਰ ਨੂੰ ਰਿਸ਼ਭ ਅਪਾਰਟਮੈਂਟ ਤੋਂ ਗ੍ਰਿਫ਼ਤਾਰ ਕੀਤਾ ਗਿਆ। ਰਾਏਪੁਰ ਪੁਲਿਸ ਗੋਲੀਬਾਰੀ ਕਰਨ ਵਾਲਿਆਂ ਦੇ ਰਿਸ਼ਤੇਦਾਰਾਂ ਤੋਂ ਪੁੱਛਗਿੱਛ ਕਰ ਰਹੀ ਹੈ। ਕਤਲ ਦੀ ਸਾਜ਼ਿਸ਼, ਗੈਂਗ ਨੈੱਟਵਰਕ ਅਤੇ ਹੋਰ ਸ਼ੱਕੀਆਂ ਦੀ ਭਾਲ ਜਾਰੀ ਹੈ।

ਜ਼ਿਕਰਯੋਗ ਹੈ ਕਿ ਤਰਨਤਾਰਨ ਜ਼ਿਲ੍ਹੇ ਦੇ ਵਲਟੋਹਾ ਪਿੰਡ ਦੇ ਸਰਪੰਚ ਝਰਮਲ ਸਿੰਘ ਦਾ 4 ਜਨਵਰੀ ਨੂੰ ਕਤਲ ਕਰ ਦਿੱਤਾ ਗਿਆ ਸੀ। ਉਹ ਇੱਕ ਵਿਆਹ ਵਿੱਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਦੇ ਮੈਰੀ ਗੋਲਡ ਰਿਜ਼ੋਰਟ ਗਏ ਸਨ। ਸਮਾਰੋਹ ਦੌਰਾਨ, ਦੋ ਹਮਲਾਵਰ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਦੇ ਸਿਰ ਵਿੱਚ ਨੇੜਿਓਂ ਗੋਲੀ ਮਾਰ ਦਿੱਤੀ। ਗੋਲੀ ਲੱਗਣ ਤੋਂ ਤੁਰੰਤ ਬਾਅਦ ਸਰਪੰਚ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਇਲਾਜ ਦੌਰਾਨ ਉਸਦੀ ਮੌਤ ਹੋ ਗਈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਜਨਵਰੀ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## * ਬੇਇਨਸਾਫ਼ੀ ਦਾ ਵਿਰੋਧ ਕੀਤੇ ਬਿਨਾਂ ਕਿਸੇ ਦੀ ਮੁਕਤੀ ਕਿਵੇਂ ਸੰਭਵ ਹੈ?

* ਜਨਤਾ 22 ਦਸੰਬਰ 1945

ਵਾਨਹੋਦ ਸੂਬਾਈ ਅਨੁਸੂਚਿਤ ਜਾਤੀ ਫੈਡਰੇਸ਼ਨ ਦੀ ਪਹਿਲੀ ਕੌਂਸਲ 9 ਅਤੇ 10 ਦਸੰਬਰ, 1945 ਨੂੰ ਅਕੋਲਾ (ਵਨਹੋਦ) ਵਿਖੇ ਹੋਈ ਸੀ। ਇਸ ਕੌਂਸਲ ਵਿੱਚ ਅਮਰਾਵਤੀ, ਬਲਧਾਨਾ, ਯਵਤਮਾਲ, ਅਕੋਲਾ ਅਤੇ ਕੇਂਦਰੀ ਪ੍ਰਾਂਤ ਵਰਗੇ ਦੂਰ-ਦੁਰਾਡੇ ਦੇ ਖੇਤਰਾਂ ਦੇ ਸੈਂਕੜੇ



ਪ੍ਰਤੀਨਿਧੀ ਮੌਜੂਦ ਸਨ। ਇਸ ਸਭਾ ਵਿੱਚ ਕਰੀਬ ਸਵਾ ਲੱਖ ਲੋਕਾਂ ਨੇ ਭਾਗ ਲਿਆ।

### ਕੌਂਸਲ ਦੀ ਵਿਸ਼ੇਸ਼ਤਾ

ਡਾ: ਬਾਬਾ ਸਾਹਿਬ ਅੰਬੇਡਕਰ ਪਹਿਲੀ ਵਾਰ ਅਕੋਲਾ ਆ ਰਹੇ ਸਨ, ਇਸ ਲਈ ਵੰਹਦ ਸੂਬੇ ਦੇ ਚਾਰੇ ਜ਼ਿਲ੍ਹਿਆਂ ਤੋਂ ਹਜ਼ਾਰਾਂ ਮਰਦ-ਔਰਤਾਂ ਬਾਬਾ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ ਹੋਏ ਸਨ। ਦੋ ਦਿਨ ਸਫ਼ਰ ਕਰਨ ਤੋਂ ਬਾਅਦ ਵੀ ਕੁਝ ਲੋਕ ਆਪਣੇ ਮਹਿਬੂਬ ਨੇਤਾ ਨੂੰ ਮਿਲਣ ਅਤੇ ਉਨ੍ਹਾਂ ਦਾ ਸੰਦੇਸ਼ ਸੁਣਨ ਪਹੁੰਚੇ ਹੋਏ ਸਨ। ਬਾਬਾ ਸਾਹਿਬ ਦੇ ਅਕੋਲਾ ਆਉਣ ਦੀ ਪਹਿਲਾਂ ਵਾਲੀ ਖ਼ਬਰ ਕਾਰਨ ਸਿਨੇਮਾ ਹਾਲ ਵਿੱਚ ਦਸ ਦਿਨ ਪਹਿਲਾਂ ਇਸ਼ਤਿਹਾਰ ਵਿਖਾਇਆ ਜਾ ਰਿਹਾ ਸੀ। ਕਿ 10 ਦਸੰਬਰ, 1945 ਨੂੰ ਅਖਿਲ ਭਾਰਤੀ ਜਾਤੀ ਵਰਗ ਦੇ ਇੱਕੋ-ਇੱਕ ਨੇਤਾ ਡਾ: ਬਾਬਾ ਸਾਹਿਬ ਅੰਬੇਡਕਰ ਅਕੋਲਾ ਆਉਣਗੇ ਅਤੇ ਭਾਸ਼ਣ ਦੇਣਗੇ।" ਇਸ ਲਈ ਅਕੋਲਾ ਦੇ ਲੋਕ ਹੀ ਨਹੀਂ ਬਲਕਿ ਸਮੁੱਚਾ ਵੰਹਦ ਉਨ੍ਹਾਂ ਦੇ ਆਉਣ ਨੂੰ ਲੈ ਕੇ ਬੇਚੈਨ ਸੀ। ਬਾਬਾ ਸਾਹਿਬ ਕਿ ਸਾਡੇ ਅਣਜਾਣ ਬਾਦਸ਼ਾਹ, ਸਾਡੇ ਨੇਤਾ ਅਸੀਂ ਕਦੋਂ ਮਿਲਣਗੇ, ਹਰ ਸਟੇਸ਼ਨ 'ਤੇ ਜਿੱਥੇ ਰੇਲਗੱਡੀ ਰੁਕੀ, ਉਸ ਦਾ ਹਾਰਦਿਕ ਸਵਾਗਤ ਕੀਤਾ ਗਿਆ, ਜਿਸ ਕਾਰਨ ਉਹ ਰਾਤ ਭਰ ਪ੍ਰੇਸ਼ਾਨ ਰਹੇ। ਡੈਲੀਗੇਟਾਂ ਦੀ ਮੁਲਾਕਾਤ ਅਤੇ ਆਉਣ ਵਾਲੀਆਂ ਚੋਣਾਂ ਸਬੰਧੀ ਕੇਂਦਰੀ ਸੂਬੇ ਦੇ ਆਗੂਆਂ ਨਾਲ ਪੌਣਾ ਘੰਟਾ ਗੱਲ ਬਾਤ ਕਰਨ ਬਾਅਦ ਫੋਟੋ ਖਿੱਚੀ।

ਜਲੂਸ ਅਕੋਲਾ ਸਟੇਸ਼ਨ ਤੋਂ ਸ਼ੁਰੂ ਹੋਇਆ। ਜਲੂਸ ਤਿੰਨ-ਚਾਰ ਮੀਲ ਲੰਬਾ ਸੀ। ਅਕੋਲਾ ਸਟੇਸ਼ਨ ਤੋਂ ਤਿਲਕ ਮੈਦਾਨ ਤੱਕ ਸੜਕ ਦੇ ਦੋਵੇਂ ਪਾਸੇ ਭੀੜ ਇਕੱਠੀ ਹੋ ਗਈ। ਇਸ ਜਲੂਸ ਵਿੱਚ ਆਲ ਇੰਡੀਆ ਸ਼ਡਿਊਲਡ ਕਾਸਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ਼੍ਰੀ ਰਾਜਭੋਜ, ਇੰਡੀਅਨ ਇੰਸਟੀਚਿਊਟ ਆਫ ਸ਼ਡਿਊਲਡ ਕਾਸਟਸ ਫੈਡਰੇਸ਼ਨ ਦੇ ਪ੍ਰਧਾਨ ਸ਼੍ਰੀ ਸੁਬਤਯਾ, ਸ. ਵਰਕਰਜ਼ ਕੌਂਸਲ ਦੇ ਪ੍ਰਧਾਨ ਸੱਜਣ ਸਿੰਘ, ਨਾਸਿਕ ਤੋਂ ਸ਼ਾਂਤਾਬਾਈ ਦਾਨੀ ਆਦਿ ਸ਼ਾਮਲ ਸਨ। ਵਾਨਹਦ ਸੂਬੇ ਦੇ ਜ਼ਿਲ੍ਹਿਆਂ ਤੋਂ ਆਸ਼ਾ ਸਮਤਾ ਸੈਨਿਕ ਦਲ ਨੇ ਵੀ ਇਸ ਜਲੂਸ ਵਿੱਚ ਬੜੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਅਤੇ ਉਸ ਨੇ ਜਲੂਸ ਵਿੱਚ ਵਿਵਸਥਾ ਬਣਾਈ ਰੱਖਣ ਦੀ ਜ਼ਿੰਮੇਵਾਰੀ ਬਹੁਤ ਵਧੀਆ ਢੰਗ ਨਾਲ ਨਿਭਾਈ ਸੀ। ਦੋਵੇਂ ਪਾਸੇ ਫੌਜੀ ਟੁਕੜੀਆਂ, ਵਿਚਕਾਰ ਲੀਡਰਾਂ ਦੀਆਂ ਗੱਡੀਆਂ, ਪਿੱਛੇ ਮਹਿਲਾ ਮੰਡਲ ਅਤੇ ਲੋਕਾਂ ਦੇ ਹੋਰ ਸਮੂਹ ਸਨ। ਜਲੂਸ ਵਿੱਚ ਸਭ ਤੋਂ ਅੱਗੇ ਕਲਾਕਾਰ ਵੱਖ-ਵੱਖ ਸਾਜ਼ ਵਜਾ ਰਹੇ ਸਨ। ਉਨ੍ਹਾਂ ਦੇ ਪਿੱਛੇ ਮਰਦਾਨਾ ਖੇਡ ਡੰਡ ਪੱਤਾ ਅਤੇ ਉਨ੍ਹਾਂ ਦੇ ਪਿੱਛੇ ਪਹਿਰੇਦਾਰ ਇਸ ਤਰ੍ਹਾਂ ਜਲੂਸ ਬੜੇ ਉਤਸ਼ਾਹ ਨਾਲ ਬਾਬਾ ਸਾਹਿਬ ਦੀ ਜੈ ਦੇ ਜੈਕਾਰਿਆਂ ਨਾਲ ਚੱਲ ਰਿਹਾ ਜਲੂਸ ਵਿੱਚ ਤਰ੍ਹਾਂ-ਤਰ੍ਹਾਂ ਦੇ ਨਾਅਰੇ ਲਾਏ ਜਾ ਰਹੇ ਸਨ, ਜਿਨ੍ਹਾਂ ਦੀ ਆਵਾਜ਼ ਮਾਹੌਲ ਵਿੱਚ ਗੂੰਜ ਰਹੀ ਸੀ- 'ਡਾ. ਅੰਬੇਡਕਰ ਕੌਣ ਹੈ? ਉਹ ਦਲਿਤਾਂ ਦਾ ਰਾਜਾ ਹੈ! ਅਨੁਸੂਚਿਤ ਜਾਤੀ ਫੈਡਰੇਸ਼ਨ ਨੂੰ ਜੈ. ਹਰੀਜਨ ਸ਼ਬਦ 'ਤੇ ਸ਼ਰਮ ਕਰੋ 'ਅੰਬੇਦਕਰ ਜ਼ਿੰਦਾਬਾਦ! ਭੀਮਰਾਜ ਥੋੜ੍ਹੇ ਦਿਨਾਂ ਵਿੱਚ!,

ਅਜਿਹੇ ਹੀ ਅਨੋਖੇ ਮਾਹੌਲ ਵਿੱਚ ਸਾਧਵੀ ਰਮਾਬਾਈ ਅੰਬੇਡਕਰ ਨਗਰ ਵਿੱਚ ਜਲੂਸ ਨਿਕਲਿਆ। ਉਪਰੰਤ ਝੰਡਾ ਲਹਿਰਾਉਣ ਦੀ ਰਸਮ ਸ਼੍ਰੀ ਸੁਬੱਤਿਆ ਦੇ ਹੱਥੋਂ ਹੋਈ। ਅਨੁਸੂਚਿਤ ਜਾਤੀ ਫੈਡਰੇਸ਼ਨ ਦਾ ਨੀਲਾ ਝੰਡਾ ਪ੍ਰਧਾਨ ਵੱਲੋਂ ਲਹਿਰਾਇਆ ਗਿਆ। ਸਮਤਾ ਸੈਨਿਕ ਦਲ ਵੱਲੋਂ ਝੰਡੇ ਨੂੰ ਸਲਾਮੀ ਦਿੱਤੀ ਗਈ। ਇਸ ਸਮੇਂ ਮਾਹੌਲ ਤਾੜੀਆਂ ਦੀ ਗੂੰਜ ਅਤੇ ਫੈਡਰੇਸ਼ਨ ਲਈ ਜੈਕਾਰਿਆਂ ਨਾਲ ਭਰ ਗਿਆ।

ਸਮਤਾ ਸੈਨਿਕ ਦਲ ਦੀ ਸਭਾ ਦੀ ਮੀਟਿੰਗ ਸ਼੍ਰੀ ਸੁਬਾਤਿਆ ਦੀ ਪ੍ਰਧਾਨਗੀ ਹੇਠ ਹੋਈ। ਇਸ ਤੋਂ ਤੁਰੰਤ ਬਾਅਦ ਸ਼ਾਂਤਾਬਾਈ ਦਾਨੀ ਦੀ ਪ੍ਰਧਾਨਗੀ ਹੇਠ ਮਹਿਲਾ ਪ੍ਰੀਸ਼ਦ ਦਾ ਗਠਨ ਕੀਤਾ ਗਿਆ।

ਸੌ ਗੀਤਾਬਾਈ ਗਾਇਕਵਾੜ ਅਤੇ ਸ਼੍ਰੀਮਤੀ ਨਾਇਕ ਨੇ ਔਰਤਾਂ ਨੂੰ ਜੋਰਦਾਰ ਆਦੇਸ਼ ਦਿੱਤੇ ਅਤੇ ਇਸ ਤੋਂ ਬਾਅਦ ਸਭਾ ਦਾ ਕੰਮ ਸੰਪੰਨ ਹੋਇਆ। ਡਾ: ਬਾਬਾ ਸਾਹਿਬ ਅੰਬੇਡਕਰ ਠੀਕ 5:30 ਵਜੇ ਸਭਾ ਸਥਾਨ ਤੇ ਪਹੁੰਚੇ। ਇਸ ਸਮੇਂ ਅਸਮਾਨ ਛੂੰਹਦੇ ਨਾਅਰਿਆਂ ਅਤੇ ਤਾੜੀਆਂ ਦੀ ਗੂੰਜ ਨਾਲ ਪੂਰਾ ਮਾਹੌਲ ਖੁਸ਼ੀ ਨਾਲ ਭਰ ਗਿਆ। ਬਾਬਾ ਸਾਹਿਬ ਨੂੰ ਸਮਰਪਿਤ ਅਛੂਤ ਵਰਗ ਦੇ ਸਵੈ-ਮਾਣ ਅਤੇ ਸਵੈ-ਨਿਰਭਰਤਾ ਦੇ ਇਸ ਦੈਵੀ ਪ੍ਰਤੀਕ ਨੂੰ ਦੇਖ ਕੇ, ਸਵੈ-ਧਰਮੀ ਅਤੇ ਧਰਮੀ ਲੋਕ ਆਪਣੇ-ਆਪ ਹੀ ਸ਼ੁਕਰਗੁਜ਼ਾਰ ਹੋ ਰਹੇ ਸਨ।

### ਕੌਂਸਲ ਦਾ ਕੰਮ

ਸਭਾ ਠੀਕ 6:30 ਵਜੇ ਸ਼ੁਰੂ ਹੋਈ। ਨਾਗਪੁਰ ਦੇ ਸ਼ੇਂਦਰੇ ਵਕੀਲ ਨੇ ਸੁਰੀਲੀ ਗਾਇਕੀ ਪੇਸ਼ ਕੀਤੀ। ਜੀ ਆਇਆਂ ਨੂੰ ਪ੍ਰਧਾਨ ਸ਼੍ਰੀ ਡੀ.ਜ਼ੈਂਡ, ਪਲਸਪਗਰ ਨੇ ਹਾਜ਼ਰ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਆਪਣੇ ਭਾਸ਼ਣ ਵਿੱਚ ਡਾ. ਉਸ ਤੋਂ ਬਾਅਦ ਅਕੋਲਾ ਬਕੀਲ (ਕਾਂਗਰਸ), ਅਮ੍ਰਿਤਕਾਰ ਵਕੀਲ (ਹਿੰਦੂ ਮਹਾਸਭਾ), ਮਿਊਂਸਪਲ ਕਮੇਟੀ ਦੇ ਪ੍ਰਧਾਨ ਰਾਓ ਬਹਾਦੁਰ ਅਠੱਲੇ, ਮੁਸਲਿਮ ਲੀਗ ਦੇ ਮੈਂਬਰ ਸ਼੍ਰੀ ਕਾਜ਼ੀ ਵਕੀਲ ਨੇ ਬਾਬਾ ਸਾਹਿਬ ਦੀ ਖੁੱਲ੍ਹ ਕੇ ਤਾਰੀਫ ਕੀਤੀ ਅਤੇ ਦੱਸਿਆ ਕਿ ਡਾ ਅੰਬੇਡਕਰ ਸਾਰੇ ਭਾਰਤ ਦਾ, ਉਹ ਇੱਕ ਤਪੱਸਵੀ ਹੈ, ਇਸ ਐਲਾਨ ਤੋਂ ਬਾਅਦ ਉਨ੍ਹਾਂ ਬਾਬਾ ਸਾਹਿਬ ਦੇ ਅੰਦੋਲਨ ਅਤੇ ਫੈਡਰੇਸ਼ਨ ਪ੍ਰਤੀ ਸਨਮਾਨ ਪ੍ਰਗਟ ਕੀਤਾ। ਇਸ ਤੋਂ ਬਾਅਦ ਡਿਪਰੈਸ਼ਨਡ ਕਲਾਸੇਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਰਾਓਸਾਹਿਬ ਥਾਵਾਰੇ ਨੇ ਆਪਣਾ ਪੱਖ ਪੂਰਾ ਕਰਦਿਆਂ ਦੱਸਿਆ ਕਿ ਕਿਵੇਂ ਉਹ ਆਪਣਾ ਪੱਖ ਛੱਡ ਕੇ ਫੈਡਰੇਸ਼ਨ ਦੇ ਪੱਖ ਵਿੱਚ ਸ਼ਾਮਲ ਹੋਏ। ਇਸ ਤੋਂ ਬਾਅਦ ਸ਼੍ਰੀ ਇੰਗਲ ਨੇ ਪੂਰੇ ਵਾਨਹਦ ਸੂਬੇ ਦੇ ਅਛੂਤ ਲੋਕਾਂ ਦੀ ਤਰਫੋਂ ਚਾਰਟਰ ਪੜ੍ਹ ਕੇ ਸੁਣਾਇਆ। ਫਿਰ 1101 ਰੁਪਏ ਦਾ ਬੈਗ ਡਾ: ਬਾਬਾ ਸਾਹਿਬ ਨੂੰ ਭੇਟ ਕੀਤਾ ਗਿਆ।

ਗਰਜਦੀਆਂ ਤਾੜੀਆਂ ਵਿੱਚ ਠੀਕ ਸਾਢੇ ਸੱਤ ਵਜੇ ਡਾਕਟਰ ਬਾਬਾ ਸਾਹਿਬ ਬੋਲਣ ਲਈ ਖੜ੍ਹੇ ਹੋਏ। ਅਤੇ ਮਾਹੌਲ 'ਅੰਬੇਦਕਰ ਜ਼ਿੰਦਾਬਾਦ', 'ਅੰਬੇਡਕਰ ਕੌਣ ਹੈ, ਉਹ ਦਲਿਤਾਂ ਦਾ ਰਾਜਾ' ਆਦਿ ਨਾਅਰਿਆਂ ਨਾਲ ਗੂੰਜ ਉੱਠਿਆ। ਜਦੋਂ ਭੀੜ ਸ਼ਾਂਤ ਹੋਈ ਤਾਂ ਬਾਬਾ ਸਾਹਿਬ ਨੇ ਆਪਣਾ ਭਾਸ਼ਣ ਸ਼ੁਰੂ ਕੀਤਾ। ਉਨ੍ਹਾਂ ਕਿਹਾ

ਭਰਾਵੋ ਅਤੇ ਭੈਣੋ,

ਬੁਲਾਰਿਆਂ ਨੇ ਹੁਣ ਤੱਕ ਜੋ ਕਿਹਾ ਹੈ, ਉਸ ਤੋਂ ਮੇਰੀ ਭੂਮਿਕਾ ਸਪੱਸ਼ਟ ਹੋ ਗਈ ਹੈ। ਇਸ ਲਈ ਇਸ ਬਾਰੇ ਹੋਰ ਕੁਝ ਕਹੇ ਬਿਨਾਂ ਮੈਂ ਚੋਣਾਂ ਬਾਰੇ ਗੱਲ ਕਰਾਂਗਾ। ਤੁਸੀਂ ਜਾਣਦੇ ਹੋ ਕਿ ਅੱਜ ਦੀ ਚੋਣ 1937 ਦੀਆਂ ਚੋਣਾਂ ਨਾਲੋਂ ਬਿਲਕੁਲ ਵੱਖਰੀ ਹੈ। ਇਸ ਵਾਰ ਦੀ ਚੋਣ ਦਲਿਤਾਂ ਲਈ ਜ਼ਿੰਦਗੀ ਅਤੇ ਮੌਤ ਦਾ ਮਸਲਾ ਹੈ। ਇਸ ਮਸਲੇ ਨੂੰ ਹੱਲ ਕਰਕੇ ਸਾਨੂੰ ਆਪਣੇ ਜੀਵਨ ਦਾ ਮੁੱਢਲਾ ਫਰਜ਼ ਨਿਭਾਉਣਾ ਪਵੇਗਾ। ਦੁਨੀਆ ਨੂੰ ਸਾਡੀ ਅਦੁੱਤੀ ਸੰਸਥਾ ਦੀ ਉਦਾਹਰਣ ਦਿੱਤੀ ਜਾਣੀ ਚਾਹੀਦੀ ਹੈ। ਇਸ ਦਾ ਮਤਲਬ ਸਪੱਸ਼ਟ ਹੈ ਕਿ ਅਸੀਂ ਫੈਡਰੇਸ਼ਨ ਦੇ ਸਾਰੇ ਉਮੀਦਵਾਰਾਂ ਨੂੰ ਜਿਤਾ ਕੇ ਆਪਣਾ ਸਿਆਸੀ ਹੱਕ ਹਾਸਿਲ ਕਰਨਾ ਹੈ।

ਮੈਂ ਤੁਹਾਨੂੰ ਇੱਕ ਉਦਾਹਰਣ ਦੱਸਦਾ ਹਾਂ ਕਿ ਇੱਕ ਆਦਮੀ ਕੀ ਕਰ ਸਕਦਾ ਹੈ ਜਦੋਂ ਉਸਦੇ ਹੱਥਾਂ ਵਿੱਚ ਰਾਜਨੀਤਿਕ ਸ਼ਕਤੀ ਹੁੰਦੀ ਹੈ। ਵਾਇਸਰਾਏ ਦੇ ਕਾਰਜਕਾਰੀ ਬੋਰਡ ਜਿਸ ਵਿੱਚ ਮੈਂ ਸ਼ਾਮਲ ਹੋਇਆ ਹਾਂ, ਉਸ ਦੇ 15 ਮੈਂਬਰ ਹਨ। ਸਾਡੇ 15 ਵਿਚਕਾਰ ਮੈਂ ਇਕੱਲਾ ਹਾਂ। ਇਸ ਕਰਮ ਨੂੰ ਢਾਈ ਸਾਲ ਬੀਤ ਚੁੱਕੇ ਹਨ। ਮੇਰੇ ਉੱਥੇ ਜਾਣ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਅਛੂਤਾਂ ਦੀ ਸਿੱਖਿਆ ਦੀ ਕੋਈ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਲਈ ਸੀ। ਪਰ ਸਰਕਾਰ ਨੇ ਮੁਸਲਮਾਨਾਂ ਦੀ ਅਲੀਗੜ੍ਹ ਯੂਨੀਵਰਸਿਟੀ ਨੂੰ 20 ਲੱਖ ਰੁਪਏ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਨੂੰ 19 ਲੱਖ ਰੁਪਏ ਦੀ ਸਹਾਇਤਾ ਦਿੱਤੀ ਸੀ। ਇਸ ਤੋਂ ਇਲਾਵਾ ਇਨ੍ਹਾਂ ਦੋਵਾਂ ਸੰਸਥਾਵਾਂ ਨੂੰ ਹਰ ਸਾਲ 3 ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਂਦੀ ਹੈ। ਨਾਲ ਹੀ 60 ਰੁ. ਪ੍ਰਤੀ ਵਿਦਿਆਰਥੀ 300 ਕਾਲਜ ਵਜ਼ੀਫੇ ਮਨਜ਼ੂਰ ਕੀਤੇ ਗਏ ਹਨ। ਵਿਦਿਆਰਥੀਆਂ ਨੂੰ ਪੂਰੀ ਮਦਦ ਦੇਣ ਲਈ ਨੀਤੀ ਬਣਾਈ ਗਈ ਹੈ। ਇਸ ਸਾਲ 30 ਵਿਦਿਆਰਥੀ ਉੱਚ ਸਿੱਖਿਆ ਹਾਸਲ ਕਰਨ ਲਈ ਵਿਦੇਸ਼ ਜਾਣਗੇ।ਹੁਣ ਅਜਿਹਾ ਪ੍ਰਬੰਧ ਕੀਤਾ ਗਿਆ ਹੈ ਕਿ ਘੱਟੋ-ਘੱਟ 2 ਸਾਲਾਂ ਵਿੱਚ 15 ਅਛੂਤ ਵਿਦਿਆਰਥੀ ਇੱਥੋਂ ਪੜ੍ਹਾਈ ਕਰਨ ਲਈ ਵਿਦੇਸ਼ ਜਾਣਗੇ। ਅਜਿਹੀ ਵਿਵਸਥਾ ਇੱਥੇ ਪਹਿਲਾਂ ਕਦੇ ਨਹੀਂ ਸੀ ਪਰ ਅੱਜ ਹੋ ਗਈ ਹੈ। ਹੁਣ ਨੌਕਰੀਆਂ ਬਾਰੇ ਦੇਖੋ, ਮੁਸਲਮਾਨਾਂ ਲਈ 20 ਪ੍ਰਤੀਸ਼ਤ, ਈਸਾਈਆਂ ਲਈ 8.50 ਪ੍ਰਤੀਸ਼ਤ ਪਰ ਸਾਡੇ ਲਈ ਕੁਝ ਨਹੀਂ। ਇਹ ਸਿਰਫ ਉਹਨਾਂ ਵੱਲ ਧਿਆਨ ਦੇਣ ਦੀ ਸਿਫਾਰਸ਼ ਕੀਤੀ ਗਈ ਸੀ. ਹਾਲ ਹੀ ਵਿੱਚ ਸਰਕਾਰ ਨੇ ਮੇਰੀ ਮੰਗ ਨੂੰ ਜਾਇਜ਼ ਸਮਝਿਆ ਅਤੇ ਨੌਕਰੀਆਂ ਵਿੱਚ ਅੱਠ ਪੂਰਨ ਅੰਕ ਇੱਕ ਤਿਹਾਈ ਰਾਖਵਾਂਕਰਨ ਸਾਡੇ ਲਈ ਮਨਜ਼ੂਰ ਕੀਤਾ ਗਿਆ। ਜਦੋਂ ਮੈਂ ਉਥੇ ਗਿਆ ਤਾਂ ਮੇਰੇ ਮਹਿਕਮੇ ਵਿਚ ਅਛੂਤ ਹਮਾਲ ਵੀ ਨਹੀਂ ਸਨ। ਪਰ ਹੁਣ 2 ਉਪ ਸਕੱਤਰ, 1 ਅੰਡਰ ਸੈਕਟਰੀ ਅਤੇ 3 ਕਾਰਜਕਾਰੀ ਇੰਜਨੀਅਰ ਇਸ ਤਰ੍ਹਾਂ ਅਛੂਤਾਂ ਵਿੱਚੋਂ ਹੀ ਭਰਤੀ ਕੀਤੇ ਗਏ ਹਨ। ਕਈ ਕਹਿੰਦੇ ਹਨ ਕਿ ਮੈਂ ਮਹਾਰਾਂ ਨੂੰ ਹੀ ਲਾਭ ਪਹੁੰਚਾਉਂਦਾ ਹਾਂ। ਮੈਂ ਮਹਾਰ ਜਾਤੀ ਵਿੱਚ ਪੈਦਾ ਹੋਇਆ ਹਾਂ, ਮੈਂ ਕੀ ਕਰ ਸਕਦਾ ਹਾਂ? ਮੇਰੇ ਖਿਲਾਫ ਕਹੀ ਜਾ ਰਹੀ ਇਹ ਗੱਲ ਝੂਠੀ ਹੈ। ਮੇਰੇ ਵਿਭਾਗ ਵਿੱਚ, ਸ਼ਿਮਲਾ ਵਿੱਚ 28 ਕਾਲਕਾਂ ਵਿੱਚੋਂ, 18 ਭੰਗੀ ਹਨ। * ਵਿਲਾਇਤ ਜਾਣ ਵਾਲਿਆਂ ਵਿਚ 1 ਮਾਂਗ, 1 ਭੰਗੀ ਅਤੇ ਕਈ ਚਮਾਰ ਹਨ। ਇਸ ਦੇ ਨਾਲ ਮੈਂ ਤੁਹਾਨੂੰ ਇੱਕ ਹੋਰ ਗੱਲ ਵੀ ਦੱਸਣਾ ਚਾਹੁੰਦਾ ਹਾਂ। ਇੱਕ ਮੈਲਾ-ਕੁਚੈਲਾ ਅਣਪਛਾਤਾ ਭੰਗੀ ਉਮੀਦਵਾਰ ਜਦੋਂ ਸ਼ਿਮਲੇ ਵਿਚ ਇੰਟਰਵਿਊ ਲਈ ਆਇਆ ਮੈਨੂੰ ਉਦੋਂ ਪਤਾ ਲੱਗਾ ਕਿ ਉਸ ਨੂੰ ਜਰੂਰ ਹੀ ਮਨਾਂ ਕਰ ਦਿੱਤਾ ਜਾਵੇਗਾ ਤਾਂ ਮੈਂ ਆਪਣਾ ਪ੍ਰਭਾਵ ਵਰਤਕੇ ਉਸ ਨੂੰ ਚੁਣਵਾ ਦਿੱਤਾ। ਹੁਣ ਉਹ ਵਿਦੇਸ਼ ਹੈ। ਇਹ ਨਾ ਸੋਚੋ ਕਿ ਮੈਂ ਆਪਣੀ ਤਾਰੀਫ਼ ਕਰ ਰਿਹਾ ਹਾਂ। ਮੈਂ ਸਿਰਫ਼ ਇਹ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸਿਆਸੀ ਤਾਕਤ ਉਸ ਦੇ ਹੱਥਾਂ ਵਿੱਚ ਹੋਵੇ ਤਾਂ ਕੋਈ ਵਿਅਕਤੀ ਕੀ ਕਰ ਸਕਦਾ ਹੈ। ਇਸ ਲਈ ਅਛੂਤ ਭਾਈਚਾਰੇ ਨੂੰ ਸਤਿਕਾਰ ਅਤੇ ਮਾਨਵੀ ਵਿਵਹਾਰ ਪ੍ਰਾਪਤ ਕਰਨ ਲਈ ਰਾਜਨੀਤੀ ਕਰਨੀ ਚਾਹੀਦੀ ਹੈ। ਭਾਵ ਫੈਡਰੇਸ਼ਨ ਦੇ ਨੁਮਾਇੰਦਿਆਂ ਨੂੰ ਵਿਧਾਨ ਸਭਾ ਵਿੱਚ ਜਾ ਕੇ ਸਾਡੇ 'ਤੇ ਹੋ ਰਹੇ ਅੱਤਿਆਚਾਰਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਹ ਸਾਡੀ ਮੰਗ ਹੈ।

1920 ਵਿਚ ਗਾਂਧੀ ਨੇ ਹਰੀਜਨ ਸੰਘ ਦਾ ਗਠਨ ਕੀਤਾ ਅਤੇ ਉਸ ਸੰਘ ਰਾਹੀਂ ਹਰੀਜਨ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਦੇਣਾ ਸ਼ੁਰੂ ਕਰ ਦਿੱਤਾ। ਉਹਨਾ ਦਾ ਉਦੇਸ਼ ਉਨ੍ਹਾਂ ਨੂੰ ਸਾਡੀ ਸਵੈ-ਮਾਣ ਲਹਿਰ ਤੋਂ ਵੱਖ ਕਰਨਾ ਸੀ। ਆਪਣੇ ਸਮੂਹ ਵਿੱਚ ਸ਼ਾਮਲ ਹੋਵੋ। ਇਸ ਮਾਮਲੇ ਵਿੱਚ, ਮੈਂ ਅਛੂਤ ਵਿਦਿਆਰਥੀਆਂ ਨੂੰ ਸਿਰਫ ਇਹੀ ਕਹਿਣਾ ਚਾਹਾਂਗਾ ਕਿ ਤੁਸੀਂ ਅਜਿਹੇ ਲਾਲਚਾਂ ਦਾ ਵੱਧ ਤੋਂ ਵੱਧ ਲਾਭ ਉਠਾਓ। ਪਰ ਆਪਣਾ ਫਰਜ਼ ਨਾ ਭੁੱਲੋ। ਇਹ ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ। ਪੁਰਾਣਾਂ ਵਿੱਚ ਦੇਵਤਿਆਂ ਅਤੇ ਦੈਂਤਾਂ ਵਿੱਚ ਯੁੱਧ ਹੋਇਆ ਸੀ। ਇਸ ਵਿੱਚ ਜਿੱਤ ਪ੍ਰਾਪਤ ਕਰਨ ਲਈ ਦੇਵਤਿਆਂ ਨੇ ਕਚ ਨੂੰ ਸੰਜੀਵਨੀ ਮੰਤਰ ਸਿੱਖਣ ਲਈ ਭੇਜਿਆ। ਕਚ ਦੀ ਮਾਨਸਿਕਤਾ ਨੂੰ ਅਪਣਾਓ ਅਤੇ ਉਸ ਵਰਗਾ ਵਿਹਾਰ ਕਰੋ। ਇਹ ਸਮਾਜ ਦੇ ਹਿੱਤ ਵਿੱਚ ਹੈ।

ਇਸ ਦੇਸ਼ ਵਿੱਚ ਬਹੁਤ ਸਾਰੀਆਂ ਜਾਤਾਂ ਅਤੇ ਧਰਮ ਹਨ। ਇਹਨਾਂ ਵਿੱਚ ਕੋਈ ਸਮਾਜਿਕ ਸਮਾਨਤਾ ਜਾਂ ਸੰਗਠਨ ਨਹੀਂ ਹੈ। ਦੋ ਜਾਤਾਂ ਦਾ ਆਪਸ ਵਿੱਚ ਕੋਈ ਰਿਸ਼ਤਾ ਨਹੀਂ ਹੈ, ਜੇਕਰ ਅਜਿਹਾ ਹੁੰਦਾ ਹੈ ਤਾਂ ਇਸਨੂੰ ਅਪਵਾਦ ਹੀ ਸਮਝੋ। ਜੇ ਕਿਸੇ ਮਹਾਰ ਦਾ ਪੁੱਤਰ ਬ੍ਰਾਹਮਣ ਦੀ ਧੀ ਨਾਲ ਵਿਆਹ ਕਰਾਉਂਦਾ ਹੈ ਜਾਂ ਬ੍ਰਾਹਮਣ ਦੀ ਧੀ ਮਹਾਰ ਦੇ ਪੁੱਤਰ ਨਾਲ ਵਿਆਹ ਕਰਦੀ ਹੈ, ਤਾਂ ਮੈਂ ਇਸ ਬਾਰੇ ਕੁਝ ਨਹੀਂ ਸੋਚਦਾ। ਪਰ ਮੈਂ ਇੱਕ ਗੱਲ ਪੁੱਛਦਾ ਹਾਂ ਕਿ ਕੀ ਅਜਿਹੇ ਵਿਆਹਾਂ ਨਾਲ ਅਛੂਤਾਂ ਦੀ ਅਛੂਤਤਾ ਖਤਮ ਹੋ ਜਾਵੇਗੀ? ਕੀ ਇਹ ਹੋਵੇਗਾ? ਸਾਡੀਆਂ ਕੁੜੀਆਂ ਕੀ ਕਾਲੀਆਂ ਹਨ ਕੀ ਉਹਨਾਂ ਦੇ ਨੱਕ ਦਬੇ ਹੋਏ ਹਨ? ਜਾਂ ਕੀ ਉਹ ਬਦਸੂਰਤ ਹਨ? ਇੱਕ ਗੱਲ ਹੋਰ ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਅਛੂਤ ਮੁੰਡੇ ਨੂੰ ਇੱਕ ਅਛੂਤ ਕੁੜੀ ਨਾਲ ਵਿਆਹ ਕਰਕੇ ਕੀ ਫਾਇਦਾ ਹੁੰਦਾ ਹੈ?

ਸਵਰਾਜ ਦੇ ਮੁੱਦੇ 'ਤੇ ਸਾਡੇ ਵਿਚ ਕੋਈ ਮਤਭੇਦ ਨਹੀਂ ਹੈ। ਪਰ ਸਾਨੂੰ ਸਵਰਾਜ ਵਿੱਚ ਆਪਣਾ ਹੱਕ ਮਿਲਣਾ ਚਾਹੀਦਾ ਹੈ। ਮੈਂ ਕਾਂਗਰਸ ਨੂੰ ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਸਵਾਲ ਦਾ ਜਵਾਬ ਦਿਓ ਕਿ ਤੁਹਾਡੇ ਸਵਰਾਜ 'ਚ ਸਾਡੇ 'ਤੇ ਕੌਣ ਰਾਜ ਕਰੇਗਾ।

"ਇਕੁਐਲਿਟੀ ਐਂਡ ਜਸਟਿਸ"
"Equality and Justice" Rs- 100/month
ਸਵਤੰਤ੍ਰਤਾ, ਸਮਾਨਤਾ, ਭਾਈਚਾਰਾ



* ਇਹ ਅੰਕੜਾ ਮੂਲ ਕੋਡ ਵਿੱਚ ਨਹੀਂ ਦਿੱਤਾ ਗਿਆ ਹੈ, ਹਾਲਾਂਕਿ ਬਾਬਾ ਸਾਹਿਬ ਨੇ ਪੁਣੇ ਵਿੱਚ ਦਿੱਤੇ ਆਪਣੇ ਭਾਸ਼ਣ ਵਿੱਚ ਇਸਦਾ ਜ਼ਿਕਰ ਕੀਤਾ ਹੈ।

ਫਿਲਹਾਲ ਸਾਡੇ ਕੋਲ ਕੋਈ ਸਾਧਨ ਨਹੀਂ ਹੈ। ਸੱਤਾ ਛੂਹਣਯੋਗ ਲੋਕਾਂ ਦੇ ਹੱਥਾਂ ਵਿੱਚ ਹੁੰਦੀ ਹੈ, ਇਸ ਲਈ ਉਹ ਜੋ ਵੀ ਚਾਹੁੰਦੇ ਹਨ, ਫੈਸਲਾ ਕਰਦੇ ਹਨ। ਉਸ ਕੋਲ ਬਹੁਤ ਸਾਰਾ ਪੈਸਾ, ਵਾਹਨ ਅਤੇ ਹੋਰ ਚੀਜ਼ਾਂ ਹਨ। ਸਾਡੇ ਕੋਲ ਇਹ ਸਭ ਨਹੀਂ ਹੈ। ਸਾਡੇ ਵਿੱਚੋਂ ਬਹੁਤ ਸਾਰੇ ਲੋਕ ਇਹਨਾਂ ਚੀਜ਼ਾਂ ਨਾਲ ਸਾਡੇ ਮੋਹ ਦਾ ਸ਼ਿਕਾਰ ਹੋ ਬਲੀ ਚੜ੍ਹ ਗਏ ਹਨ। ਪਰ ਮੈਂ ਨਹੀਂ ਚੜ੍ਹਿਆ। (ਹੱਸਦੇ ਹੋਏ) ਇਸ ਲਈ ਮੈਂ ਤੁਹਾਨੂੰ ਸਾਫ਼-ਸਾਫ਼ ਦੱਸ ਰਿਹਾ ਹਾਂ ਕਿ ਅਜਿਹੇ ਸਾਧਨਾਂ ਦੀ ਉਮੀਦ ਕੀਤੇ ਬਿਨਾਂ, ਆਪਣੀ ਪਾਰਟੀ ਪ੍ਰਤੀ ਆਪਣਾ ਫਰਜ਼ ਸਮਝਦੇ ਹੋਏ ਪੈਦਲ ਚੱਲੋ ਅਤੇ ਜਿਨ੍ਹਾਂ ਕੋਲ ਵੋਟ ਦਾ ਅਧਿਕਾਰ ਹੈ, ਉਹ ਬਿਨਾਂ ਕਿਸੇ ਕੀਮਤ ਦੇ ਸਮਾਜ ਸੇਵਾ ਦੀ ਭਾਵਨਾ ਨਾਲ ਵੋਟ ਦੇਣ ਦਾ ਕੰਮ ਕਰਨ । ਇਹ ਉਨ੍ਹਾਂ ਦਾ ਸਭ ਤੋਂ ਉੱਤਮ ਫਰਜ਼ ਹੈ। ਕਾਂਗਰਸ ਦੇਸ਼ ਦੀਆਂ ਘੱਟ ਗਿਣਤੀਆਂ ਵਿੱਚ ਮਹਿਸੂਸ ਕੀਤੇ ਡਰ ਨੂੰ ਦੂਰ ਕਰਨ ਲਈ ਸਖ਼ਤ ਮਿਹਨਤ ਕਰਨ ਦੀ ਗੱਲ ਕਰ ਰਹੀ ਹੈ ਪਰ ਅਜਿਹਾ ਨਹੀਂ ਹੈ। ਸਮੁੱਚੇ ਦੇਸ਼ ਦੇ ਪ੍ਰਤੀਨਿਧ ਹੋਣ ਦਾ ਉਸ ਦਾ ਸਵੈ-ਪ੍ਰਚਾਰ ਧੋਖਾ ਹੈ। ਇਹ ਕਾਂਗਰਸੀ ਆਗੂਆਂ ਵੱਲੋਂ ਵੱਡੇ ਪੱਧਰ 'ਤੇ ਲੋਕਾਂ ਦਾ ਸਮਰਥਨ ਹਾਸਲ ਕਰਨ ਦੀ ਕੋਸ਼ਿਸ਼ ਹੈ। ਅੰਗਰੇਜ਼ਾਂ ਦੇ ਜਾਣ ਅਤੇ ਸਵਰਾਜ ਦੀ ਪ੍ਰਾਪਤੀ ਤੋਂ ਬਾਅਦ ਕੇਂਦਰ ਸਰਕਾਰ ਵੱਖ-ਵੱਖ ਘੱਟ-ਗਿਣਤੀਆਂ ਦੇ ਹੱਕਾਂ ਦੀ ਰਾਖੀ ਕਿਵੇਂ ਕਰੇਗੀ, ਇਹ ਸੋਚਣ ਲਈ ਕਾਂਗਰਸ ਨੂੰ ਹਿੰਦੀ ਗੋਲ ਮੇਜ਼ ਕਾਨਫਰੰਸ ਬੁਲਾਉਣੀ ਚਾਹੀਦੀ ਹੈ।

ਕਾਂਗਰਸ ਨੇ ਅਜਿਹਾ ਕਰਨ ਦੀ ਬਜਾਏ ਦੂਜੀਆਂ ਪਾਰਟੀਆਂ ਨੂੰ ਟਾਲ ਦਿੱਤਾ ਅਤੇ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਕਿ ਸੱਤਾ ਆਪਣੇ ਹੱਥਾਂ ਵਿੱਚ ਹੀ ਰਹਿਣੀ ਚਾਹੀਦੀ ਹੈ। ਅਸੀਂ ਕਾਂਗਰਸ ਦੀ ਇਸ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕਰਾਂਗੇ। ਮੈਂ ਤੁਹਾਨੂੰ ਕਾਂਗਰਸ ਤੋਂ ਦੂਰ ਰਹਿਣ ਦੀ ਸਲਾਹ ਦੇਵਾਂਗਾ।

ਅੱਜ ਸਵੇਰੇ ਇੱਕ ਵਿਅਕਤੀ ਮੈਨੂੰ ਮਿਲਿਆ ਅਤੇ ਕਿਹਾ ਕਿ ਅਸੀਂ ਹਰ ਪੱਖੋਂ ਛੂਹਣਯੋਗ ਲੋਕਾਂ 'ਤੇ ਨਿਰਭਰ ਹਾਂ, ਇਸ ਲਈ ਜੇਕਰ ਅਸੀਂ ਉਨ੍ਹਾਂ ਵਿਰੁੱਧ ਸ਼ਿਕਾਇਤ ਕਰਨ ਜਾਂਦੇ ਹਾਂ ਤਾਂ ਕੋਈ ਛੂਹਣਯੋਗ ਅਧਿਕਾਰੀ ਸੁਣਨ ਨੂੰ ਵੀ ਤਿਆਰ ਨਹੀਂ ਹੁੰਦਾ। ਅਸੀਂ ਕੀ ਕਰੀਏ? ਮੈਂ ਕਹਿੰਦਾ ਹਾਂ ਇਹ ਸੱਚ ਹੈ ਪਰ ਮੈਂ ਤੁਹਾਨੂੰ ਪੁੱਛਦਾ ਹਾਂ, ਤੁਸੀਂ ਹੋਰ ਕਿੰਨੇ ਦਿਨ ਭੇਡਾਂ ਵਾਂਗ ਜੀਓਗੇ? ਕਦੇ ਨਾ ਕਦੇ ਤਾਂ ਸਾਨੂੰ ਬੇਇਨਸਾਫ਼ੀ ਦੇ ਵਿਰੁੱਧ ਆਪਣਾ ਮੂੰਹ ਖੋਲ੍ਹਣਾ ਪਵੇਗਾ, ਠੀਕ? ਕੀ ਸਾਡੇ ਲਈ ਬੇਇਨਸਾਫ਼ੀ ਦਾ ਵਿਰੋਧ ਕੀਤੇ ਬਿਨਾਂ ਬਚਾਇਆ ਜਾ ਸਕਦਾ ਹੈ? ਮੈਂ ਤੁਹਾਡੇ ਸਾਹਮਣੇ ਪੈਂਟ ਕੋਟ ਅਤੇ ਬੂਟ ਪਹਿਨ ਕੇ ਖੜ੍ਹਾ ਹਾਂ, ਮੇਰੇ ਹੱਥ ਵਿੱਚ ਸੁਨਿਹਰੀ ਘੜੀ ਹੈ। ਮੈਂ ਸਾਫ਼ ਸੁਥਰਾ ਹਾਂ। ਕੀ ਕਿਸੇ ਦੀ ਹਿੰਮਤ ਹੈ ਮੈਨੂੰ ਮਹਾਰ ਕਹਿਣ ਦੀ? ਇਸ ਦੇ ਬਾਵਜੂਦ ਮੈਂ ਮਹਾਰ ਹਾਂ। (ਹਾਸਾ) ਜੇਕਰ ਮੈਂ ਹੁਣੇ ਹੀ ਹਾਰ ਮੰਨ ਲਈ ਹੁੰਦੀ ਤਾਂ ਕੀ ਇਹ ਸਥਿਤੀ ਹੁੰਦੀ? ਜੋ ਸੋਨੇ ਦੀ ਘੜੀ ਅੱਜ ਮੇਰੇ ਹੱਥ ਵਿਚ ਦਿਖਾਈ ਦੇ ਰਹੀ ਹੈ, ਕੀ ਉਹ ਦਿਖਾਈ ਦੇਵੇਗੀ? (ਹਾਸਾ) ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਤੁਹਾਨੂੰ ' ਜੈਸੇ ਨੂੰ ਤੈਸਾ' ਇਨਸਾਫ਼ ਨਾਲ ਬੇਇਨਸਾਫ਼ੀ ਦਾ ਵਿਰੋਧ ਕਰਨਾ ਸਿੱਖਣਾ ਪਵੇਗਾ। ਆਪਣੇ ਫਰਜ਼ ਪ੍ਰਤੀ ਸੁਚੇਤ ਰਹੋ। ਇਸ ਲਈ, ਮੈਂ ਤੁਹਾਨੂੰ ਸਿਰਫ ਇਹ ਦੱਸਣਾ ਚਾਹੁੰਦਾ ਹਾਂ ਕਿ ਹੁਣ ਤੋਂ ਬਾਅਦ ਦਾ ਸਮਾਂ ਐਮਰਜੈਂਸੀ ਦਾ ਹੈ। ਉਸ ਨਾਲ ਮੁਕਾਬਲਾ ਕਰਨ ਦੀਆਂ ਤਿਆਰੀਆਂ ਮਜ਼ਬੂਤ ਨੀਂਹ 'ਤੇ ਹੋਣੀਆਂ ਚਾਹੀਦੀਆਂ ਹਨ। ਫੈਡਰੇਸ਼ਨ ਦੇ ਸਾਰੇ ਉਮੀਦਵਾਰਾਂ ਨੂੰ ਬਹੁਮਤ ਨਾਲ ਜਿਤਾਉਣਾ ਹੋਵੇਗਾ। ਭਾਰਤ ਸਰਕਾਰ ਨੇ ਐਲਾਨ ਕੀਤਾ ਹੈ ਕਿ ਸੰਵਿਧਾਨਕ ਕਮੇਟੀ ਦੀ ਚੋਣ ਸੂਬਾਈ ਵਿਧਾਨ ਸਭਾ ਵਿੱਚ ਜੇਤੂ ਪ੍ਰਤੀਨਿਧੀਆਂ ਵਿੱਚੋਂ ਹੀ ਕੀਤੀ ਜਾਵੇਗੀ। ਇਸ ਕਮੇਟੀ ਵੱਲੋਂ ਤਿਆਰ ਕੀਤਾ ਗਿਆ ਸੰਵਿਧਾਨ ਕਈ ਸਾਲਾਂ ਤੱਕ ਹੋਂਦ ਵਿੱਚ ਰਹੇਗਾ। ਸੰਭਵ ਹੈ ਕਿ ਇਹੀ ਜਾਰੀ ਰਹੇ। ਜੇਕਰ ਕਾਂਗਰਸ ਨੇ ਸਾਡੀਆਂ ਕੁਝ ਸੀਟਾਂ ਜਿੱਤੀਆਂ ਤਾਂ ਸਾਡਾ ਨੁਕਸਾਨ ਹੋਣਾ ਹੈ। ਅਸੀਂ ਵੱਖ-ਵੱਖ ਟੀਚਿਆਂ ਨੂੰ ਹਾਸਲ ਨਹੀਂ ਕਰ ਸਕਾਂਗੇ। ਇਸ ਲਈ ਸਾਨੂੰ ਦਿਨ-ਰਾਤ ਕੋਸ਼ਿਸ਼ ਕਰਕੇ ਸਾਰੀਆਂ ਸੀਟਾਂ ਜਿੱਤਣੀਆਂ ਪੈਣਗੀਆਂ। ਮੈਂ ਇਸ ਸਲਾਹ ਨਾਲ ਆਪਣੀ ਗੱਲ ਖਤਮ ਕਰਦਾ ਹਾਂ।

# 12 ਜਨਵਰੀ ਲਈ ਵਿਸ਼ੇਸ਼: ਦਿਲ ਦੀਆਂ ਗੱਲਾਂ, ਦਿਲ ਵਿੱਚ ਰਹਿ ਗਈਆਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਜਨਵਰੀ
INTERNATIONAL PAPER, 94636 01616
hardipchumber57@gmail.com



## ਹੁਣ ਤੈਨੂੰ ਕੀ ਆਖਾਂ, ਫੇਲ ਕਹਾਂ ਕੇ ਪਾਸ......
## ... ਤੇ ਜਦੋਂ ਕਿਸ਼ਮਤ ਅੱਗੇ ਮਿਹਨਤ ਹਾਰ ਗਈ

ਸਾਡੇ ਸੰਯੁਕਤ ਪਰਿਵਾਰ ਵਿੱਚ ਵੱਡੇ ਭਰਾ ਦੇ ਘਰ ਜਦੋਂ ਪਹਿਲੀਆਂ ਦੋ ਧੀਆਂ ਨੇ ਜਨਮ ਲਿਆ, ਤਾਂ ਪਰਿਵਾਰ ਨੂੰ ਉਸ ਸਮੇਂ ਤੋਂ ਹੀ ਘਰ ਵਿੱਚ ਅੰਤਾਂ ਦੀ ਆਰਥਿਕ ਤੰਗੀ ਹੋਣ ਕਾਰਨ ਉਹਨਾਂ ਦੇ ਪਾਲਣ ਪੋਸ਼ਣ,ਪੜ੍ਹਾਉਣ , ਤੇ ਵਿਆਹੁਣ ਦਾ ਝੋਰਾ/ ਫ਼ਿਕਰ ਸਤਾਉਣ ਲੱਗਾ। ਉਸ ਸਮੇਂ ਮੇਰੀ ਉਮਰ ਬਹੁਤ ਛੋਟੀ ਸੀ, ਤੇ ਮੈਂ ਹਾਈ ਸਕੂਲ ਵਿੱਚ ਹੀ ਦਾਖ਼ਲਾ ਲਿਆ ਸੀ। ਪ੍ਰੰਤੂ ਮੇਰਾ ਮਨ ਸੰਵੇਦਨਸ਼ੀਲ ਹੋਣ ਕਰਕੇ ਘਰ ਦੇ ਸਾਰੇ ਹਲਾਤ ਅਨੁਭਵ ਕਰਦਾ ਰਹਿੰਦਾ ਸੀ। ਜਿਸ ਕਰਕੇ ਮੈਂ ਵੀ ਹਮੇਸ਼ਾਂ ਆਪਣੀਆਂ ਭਤੀਜੀਆਂ ਜਿੰਨਾਂ ਨੂੰ ਮੈਂ ਆਪਣੀਆਂ ਧੀਆਂ ਹੀ ਸਮਝਦਾ ਸੀ, ਨੂੰ ਲੈਕੇ ਫ਼ਿਕਰਮੰਦ ਰਹਿਣ ਲੱਗ ਪਿਆ ਸੀ। ਫ਼ਿਰ ਮਨ ਹੀ ਮਨ ਫ਼ੈਸਲਾ ਕੀਤਾ ਕਿ ਆਪਣਾ ਸਾਰਾ ਕੁੱਝ ਤਿਆਗ ਕੇ ਸਾਰਾ ਜੀਵਨ ਧੀਆਂ ਦਾ ਜੀਵਨ ਵਧੀਆਂ ਬਨਾਉਣ ਤੇ ਹੀ ਲਗਾਉਣਾ ਹੈ। ਫ਼ਿਰ ਉਸੇ ਦਿਨ ਤੋਂ ਚੱਲ ਸੋ ਚੱਲ। ਘਰ ਦੀ ਅੰਤਾਂ ਦੀ ਆਰਥਿਕ ਤੰਗੀ ਤੇ ਬਿਨਾਂ ਕੋਈ ਸੁੱਖ ਸਹੂਲਤਾਂ ਦੇ ਧੀਆਂ ਨੂੰ ਪੜ੍ਹਾਉਣ ਲਈ ਪਰਿਵਾਰ ਨਾਲ ਮਿਲ੍ਕੇ ਜੁਟ ਗਏ। ਵੱਡੀ ਧੀ ਨੂੰ ਉੱਚ ਦਰਜੇ ਦੀਆਂ ਡਿਗਰੀਆਂ ਕਰਵਾਕੇ ਉਸ ਦਾ ਵਿਆਹ ਕਰ ਦਿੱਤਾ। ਛੋਟੀ ਧੀ ਜਸਵੰਤ ਕੌਰ ਮਣੀ ਨੂੰ ਵੀ ਪੜ੍ਹਾਉਣ ਲਈ ਹਲਾਤਾਂ ਨਾਲ ਲੜਦਿਆਂ ਪੂਰੀ ਵਾਹ ਲਗਾ ਦਿੱਤੀ। ਸਾਡੀ ਧੀ ਜਸਵੰਤ ਕੌਰ ਮਣੀ ਨੇ ਵੀ ਪੜ੍ਹਾਈ ਵਿੱਚ ਚੱਲ ਸੋ ਚੱਲ, ਦਿਨ ਰਾਤ ਇੱਕ ਕਰ ਦਿੱਤੀ। ਮਣੀ ਧੀ ਨੇ ਵੀ ਮੈਨੂੰ ਚਾਚੇ ਦੀ ਥਾਂ ਹਮੇਸ਼ਾਂ ਪਿਤਾ ਸਮਾਨ ਦਰਜਾ ਹੀ ਦਿੱਤਾ ਤੇ ਜ਼ਿਆਦਾਤਰ ਮੇਰੇ ਨਾਲ ਹੀ ਹਰ ਗੱਲ ਕਰਦੀ।ਉਸਨੇ ਡਬਲ ਐਮ. ਏ. (ਪੰਜਾਬੀ, ਰਾਜਨੀਤੀ ਸ਼ਾਸਤਰ), ਬੀ.ਐਡ., ਐਮ. ਫਿਲ. ਪੰਜਾਬੀ, ਤੋਂ ਇਲਵਾ ਕਈ ਡਿਪਲੋਮੇ ਵੀ ਰੈਗੂਲਰ ਪੜ੍ਹਾਈ ਦੇ ਨਾਲ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੇ। ਕਈ - ਕਈ ਵਾਰ ਪੰਜਾਬ ਅਧਿਆਪਕ ਯੋਗਤਾ ਪਰੀਖਿਆ, ਹਰਿਆਣਾ ਅਧਿਆਪਕ ਯੋਗਤਾ ਪਰੀਖਿਆ, ਕੇਂਦਰੀ ਅਧਿਆਪਕ ਯੋਗਤਾ ਪਰੀਖਿਆ ਤੋਂ ਇਲਾਵਾ ਯੂ.ਜੀ. ਸੀ. ਨੈੱਟ ਦੀ ਪ੍ਰੀਖਿਆ ਵੀ ਪਾਸ ਕੀਤੀ। ਫ਼ਿਰ ਜੇ.ਆਰ. ਐੱਫ. ਪਾਸ ਕਰਕੇ ਡਾਕਟਰ ਬਰਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਪੀ.ਐੱਚ. ਡੀ. ਲਈ ਖੋਜ਼ ਕਾਰਜ ਸ਼ੁਰੂ ਕਰ ਦਿੱਤਾ। ਹਮੇਸ਼ਾਂ ਸਾਦਗੀ ਵਿੱਚ ਰਹਿਣ ਵਾਲ਼ੀ ਮਣੀ ਧੀ ਪੰਜਾਬੀ ਬੋਲੀ ਲਈ ਦੀ ਬਿਹਤਰੀ ਲਈ ਤੜਫਦੀ ਰਹਿੰਦੀ ਤੇ ਅਖ਼ਬਾਰਾਂ ਜ਼ਰੀਏ ਆਪਣਾ ਦਰਦ ਬਿਆਨਦੀ ਰਹਿੰਦੀ ਸੀ। ਪੰਜਾਬੀ ਮਣੀ ਧਾਰਮਿਕ ਖਿਆਲਾਂ ਦੀ

**ਅੰਗਰੇਜ ਸਿੰਘ ਵਿੱਕੀ, ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ), ਮੋਬਾਇਲ 98888 70822,**

ਹੋਣ ਕਰਕੇ ਹਰ ਰੋਜ਼ ਸਵੇਰੇ ਚਾਰ ਵਜੇ ਉੱਠ ਕੇ ਆਪੇ ਚਾਹ ਬਣਾਕੇ, ਨਹਾ ਧੋ ਕੇ ਗੁਟਕਾ ਸਾਹਿਬ ਤੋਂ ਪਾਠ ਕਰਦੀ। ਆਪਣੇ ਵਜ਼ੀਫ਼ੇ ਵਿੱਚੋਂ ਪਿੰਗਲਵਾੜੇ ਨੂੰ ਵੀ ਦਾਨ ਕਰਦੀ ਰਹਿੰਦੀ। ਜਿਸਦਾ ਪਤਾ ਸਾਨੂੰ ਬਾਅਦ ਵਿੱਚ ਮਿਲੀਆਂ ਰਸੀਦਾਂ ਤੋਂ ਲੱਗਿਆ। ਪੰਜਾਬੀ ਦੇ ਵੱਡੇ - ਵੱਡੇ ਨਾਮਵਰ ਅਖ਼ਬਾਰਾਂ ਲਈ ਅਨੇਕਾਂ ਹੀ ਖੋਜ਼ ਭਰਭੂਰ ਲੇਖ ਵੀ ਲਿਖੇ। ਨਿੱਤ ਦਿਨ ਕਈ ਕਈ ਅਖ਼ਬਾਰਾਂ ਪੜਨਾ ਤਾਂ ਉਸਦਾ ਨਿੱਤਨੇਮ ਹੀ ਬਣ ਗਿਆ ਸੀ। ਪੰਜਾਬੀ ਦੇ ਨਾਮਵਰ ਅਖ਼ਬਾਰਾਂ ਵਿੱਚ ਲੱਗੇ / ਛਪੇ ਅਨੇਕਾਂ ਹੀ ਖੋਜ਼ ਭਰਪੂਰ ਲੇਖਾਂ ਜ਼ਰੀਏ ਪਾਠਕਾਂ ਦੇ ਮਿਲੇ ਹੁੰਗਾਰੇ ਤੋਂ ਅਜਿਹਾ ਲੱਗ ਰਿਹਾ ਸੀ ਕਿ ਸਾਡੀ ਧੀ ਭਵਿੱਖ ਦੀ ਚੰਗੀ/ਨਾਮਵਰ ਸਾਹਿਤਕਾਰ ਬਣੇਗੀ..... । ਪੜ੍ਹਾਈ, ਅਤੇ ਅਖ਼ਬਾਰਾਂ ਲਈ ਲਿਖਣ ਦੇ ਨਾਲ ਨਾਲ ਮਣੀ ਘਰ, ਪਸ਼ੂਆਂ ਅਤੇ ਖੇਤੀ ਦੇ ਕੰਮ ਵਿੱਚ ਵੀ ਹਮੇਸ਼ਾਂ ਡਟ ਕੇ ਸਾਥ ਦਿੰਦੀ ਰਹਿੰਦੀ ਸੀ। ਧੀ ਜਸਵੰਤ ਕੌਰ ਮਣੀ ਨੇ ਘਰ ਦੇ ਹਲਾਤ ਬਦਲਣ ਲਈ ਕਦੇ ਵੀ ਮਿਹਨਤ ਦਾ ਪੱਲਾ ਨਹੀਂ ਛੱਡਿਆ ਸੀ। ਮਣੀ ਧੀ ਦੀ ਮਿਹਨਤ ਵੀ ਆਖਿਰ ਰੰਗ ਲਿਆਈ ਅਤੇ ਉਸਨੂੰ ਚੰਡੀਗੜ੍ਹ ਵਿੱਚ ਇੱਕ ਚੰਗੇ ਦਰਜੇ ਦੀ ਨੌਕਰੀ ਮਿਲ ਗਈ। ਪਰ ਵਿਭਾਗ ਵੱਲੋਂ ਜੁਆਇਨਿੰਗ ਵਿੱਚ ਹਮੇਸ਼ਾਂ ਦੇਰੀ ਹੁੰਦੀ ਰਹੀਂ। ਸਾਇਦ ਪਰਮਾਤਮਾਂ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ। ਇਸਦੇ ਚਲਦਿਆਂ ਸਾਡੀ ਧੀ ਅਚਾਨਕ ਬਿਮਾਰ ਹੋ ਗਈ, ਉਸਦੇ ਇਲਾਜ਼ ਲਈ ਅਸੀਂ ਕਈ ਮਹੀਨੇ ਦਿਨ ਰਾਤ ਇੱਕ ਕਰ ਦਿੱਤੀ, ਬਹੁਤ ਜਿਆਦਾ ਮਿਹਨਤ ਕੀਤੀ ਤਾਂ ਜੋ ਧੀ ਨੂੰ ਤੰਦਰੁਸਤ ਕਰ ਸਕੀਏ। ਪ੍ਰੰਤੂ ਆਖ਼ਿਰ ਕੀਤੀ ਗਈ ਮਿਹਨਤ ਵੀ ਰੰਗ ਨਾ ਲਿਆ ਸਕੀ, ਤੇ ਆਖਿਰ ਲੋਹੜੀ ਤੋਂ ਇੱਕ ਦਿਨ ਪਹਿਲਾਂ 12 ਜਨਵਰੀ 2025 ਨੂੰ ਸਾਡੀ ਧੀ ਜਸਵੰਤ ਕੌਰ ਮਣੀ ਪੀਜੀਆਈ ਚੰਡੀਗੜ੍ਹ ਵਿਖੇ ਭਰ ਜਵਾਨੀ ਉਮਰੇ ਹੀ ਸਦਾ ਸਦਾ ਲਈ ਛੱਡ ਕੇ ਤੁਰ ਗਈ। ਬੇਟੀ ਬਚਾਓ ਬੇਟੀ ਪੜ੍ਹਾਓ, ਦੇ ਨਾਹਰੇ ਦੀ ਫੂਕ ਵੀ ਉਸ ਸਮੇਂ ਨਿਕਲਦੀ ਨਜ਼ਰ ਆਈ ਜਦੋਂ ਅਸੀਂ ਆਪਣੀ ਧੀ ਨੂੰ ਵਧੀਆਂ ਸੰਸਕਾਰ ਦੇ ਕੇ ਪੜ੍ਹਾਈ ਵੀ ਕਰਵਾਈ ਅਤੇ ਚੰਗੀ ਲੇਖਿਕਾਂ ਵੀ ਬਣਾਇਆ, ਪਰ ਸਾਡਾ ਸਿਸਟਮ ਅਜਿਹੀ ਕਾਬਲ ਤੇ ਯੋਗ ਸਖਸ਼ੀਅਤ ਨੂੰ ਬਚਾਉਣ ਵਿੱਚ ਬੁਰੀ ਤਰ੍ਹਾਂ ਫੇਲ ਹੋ ਗਿਆ। ਮਣੀ ਧੀ ਦੀਆਂ ਹਜ਼ਾਰਾਂ ਕਿਤਾਬਾਂ ਅਤੇ ਅਖ਼ਬਾਰਾਂ ਦੇ ਵੱਡੇ ਭੰਡਾਰ ਸਾਂਭਣਾ ਵੀ ਸਾਡੇ ਵਿਤੋਂ ਬਾਹਰ ਹੋ ਗਿਆ ਹੈ। ਸੋਸ਼ਿਲ ਮੀਡੀਆ ਜ਼ਰੀਏ ਮਣੀ ਧੀ ਦੇ ਖੋਜ਼ ਭਰਪੂਰ ਲੇਖ ਨਿੱਤ ਦਿਨ ਘੁੰਮਦੇ ਹੋਏ ਉਸਦਾ ਚੇਤਾ ਕਰਵਾਉਂਦੇ ਹੋਏ ਉਸਦੀ ਲੇਖਣੀ ਦੀਆਂ ਯਾਦਾਂ ਤਾਜੀਆਂ ਕਰਵਾਉਂਦੇ ਰਹਿੰਦੇ ਹਨ। ਸਖ਼ਤ ਮਿਹਨਤ ਕਰਕੇ ਗਿਣਤੀ ਦੀਆਂ ਨਿਕਲੀਆਂ ਆਸਾਮੀਆਂ ਵਿੱਚ ਆਪਣਾ ਦਰਜ਼ ਕਰਵਾਉਣ ਉਪਰੰਤ ਜੁਆਇੰਨ ਕਰਨ ਦਾ ਚਾਅ ਸਦਾ ਸਦਾ ਲਈ ਸਾਡੀ ਧੀ ਜਸਵੰਤ ਕੌਰ ਮਣੀ ਦੇ ਦਿਲ ਵਿੱਚ ਹੀ ਰਹਿ ਗਿਆ। ਸਾਡੀ ਧੀ ਦੀ ਕਾਬਲੀਅਤ ਨੂੰ ਵੇਖਦਿਆਂ ਪਿੰਡ ਸਾਡੇ ਪਿੰਡ ਕੋਟਗੁਰੂ (ਬਠਿੰਡਾ) ਦੀ ਪੰਚਾਇਤ ਨੇ ਉਸਦੀ ਯਾਦ ਵਿੱਚ ਪਾਰਕ ਬਨਾਉਣ ਦਾ ਮਤਾ ਪਾਸ ਕਰਕੇ ਕਾਰਜ ਆਰੰਭ ਕੀਤੇ ਹੋਏ ਹਨ। ਤਾਂ ਕਿ ਪਿੰਡ ਦੀਆਂ ਹੋਰ ਧੀਆਂ ਵੀ ਜਸਵੰਤ ਕੌਰ ਮਣੀ ਵਾਂਗ ਆਪਣੀ ਸ਼ਖ਼ਸੀਅਤ ਦੀ ਉਸਾਰੀ ਕਰ ਸਕਣ ਤੇ ਮਾਪਿਆਂ ਦਾ ਨਾਮ ਰੌਸ਼ਨ ਕਰ ਸਕਣ। ਮਣੀ ਨੂੰ ਅਸਲ ਮਣੀ ਬਨਾਉਣ ਦੀਆਂ ਦੀਆਂ ਗੱਲਾਂ ਮੇਰੇ ਦਿਲ ਵਿੱਚ ਹੀ ਦਫ਼ਨ ਹੋ ਕੇ ਰਹਿ ਗਈਆਂ ਹਨ। ਜ਼ਿੰਦਗੀ ਦੀ ਜੰਗ ਜਿੱਤ ਕੇ ਹਾਰ ਗਏ ਹਾਂ। ਅੱਜ ਸਾਡੀ ਧੀ ਨੂੰ ਸਾਡੇ ਤੋਂ ਹਮੇਸ਼ਾਂ ਲਈ ਵਿਛੜੇ ਹੋਏ ਪੂਰਾ ਇੱਕ ਸਾਲ ਹੋ ਗਿਆ ਹੈ, ਪਰ ਇੱਕ ਦਿਨ ਵੀ ਅਜਿਹਾ ਨਹੀਂ ਲੰਘਿਆ ਜਿਹੜਾ ਉਸਦੀ ਯਾਦ ਬਿਨਾਂ ਬੀਤਿਆ ਹੋਵੇ। ਮੈਂ ਆਪਣੇ ਅਧੂਰੇ ਸੁਪਨੇ ਮਣੀ ਵਿੱਚੋਂ ਹੀ ਪੂਰੇ ਕਰਨੇ ਸਨ, ਤੇ ਤੂੰ ਆਖਿਰ ਉਹ ਪਾਸ ਹੋਕੇ ਵੀ ਫ਼ੇਲ ਹੋ ਗਈ। ਦੱਸ ਧੀਏ ਹੁਣ ਤੈਨੂੰ ਫੇਲ ਕਹਾਂ ਕੇ ਪਾਸ...?

# ਕਾਮਰੇਡ ਗੁਰਨਾਮ ਸਿੰਘ ਗਿੱਲ ਨੂੰ ਵੱਖ ਵੱਖ ਆਗੂਆਂ ਨੇ ਦਿੱਤੀਆ ਸ਼ਰਧਾਂਜੀਆਂ

## ਕਿਰਤੀਆਂ ਦਾ ਮਸੀਹਾ ਸੀ ਕਾਮਰੇਡ ਗਿੱਲ :ਬੰਤ ਬਰਾੜ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਜਨਵਰੀ
INTERNATIONAL PAPER, 94636 01616
hardipchumber57@gmail.com



ਲੁਧਿਆਣਾ 11 ਜਨਵਰੀ

ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ : 41 ਦੇ ਸਾਬਕਾ ਸੂਬਾ ਪ੍ਰਧਾਨ, ਭਾਰਤੀ ਕਮਿਊਨਿਸਟ ਪਾਰਟੀ ਦੇ ਸਾਬਕਾ ਸੂਬਾ ਕੌਂਸਲ ਮੈਂਬਰ , ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ ) ਦੇ ਸੂਬਾ ਸਰਪ੍ਰਸਤ ਕਾਮਰੇਡ ਗੁਰਨਾਮ ਸਿੰਘ ਗਿੱਲ ਜੋ ਬੀਤੇ ਦਿਨੀ ਪਰਿਵਾਰ ਨੂੰ ਵਿਛੋੜਾ ਦੇ ਗਏ ਸਨ ਦੀ ਨਿੱਘੀ ਯਾਦ ਵਿੱਚ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਰਾਗੀ ਜਥੇ ਵੱਲੋਂ ਕੀਤੇ ਵੈਰਾਗਮਈ ਕੀਰਤਨ ਤੋਂ ਬਾਅਦ ਅੰਤਿਮ ਅਰਦਾਸ ਹੋਣ ਉਪਰੰਤ ਕਾਮਰੇਡ ਗਿੱਲ ਦੇ ਵੱਡੇ ਪੁੱਤਰ ਅਮਰਜੀਤ ਸਿੰਘ ਨੂੰ ਨਾਨਕਿਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਸਤਾਰਾਂ ਦੇ ਕੇ ਸਨਮਾਨਿਤ ਕੀਤਾ । ਜਿਸ ਤੋਂ ਬਾਅਦ ਹੋਏ ਸ਼ਰਧਾਂਜਲੀ ਸਮਾਗਮ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਅਤੇ ਪੰਜਾਬ ਏਟਕ ਦੇ ਪ੍ਰਧਾਨ ਕਾ : ਬੰਤ ਸਿੰਘ ਬਰਾੜ ਨੇ ਜੁਝਾਰੂ ਆਗੂ ਗਿੱਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕੇ ਕਾਮਰੇਡ ਗੁਰਨਾਮ ਸਿੰਘ ਗਿੱਲ ਕਿਰਤੀਆਂ ਦਾ ਮਸੀਹਾ ਸੀ ਜਿਸ ਨੇ ਪੂਰਾ ਜੀਵਨ ਭਾਈ ਲਾਲੋਆਂ ਦਾ ਵਕੀਲ ਬਣ ਕੇ ਕਿਰਤੀਆਂ ਤੇ ਹੋਣ ਵਾਲੇ ਹਰੇਕ ਧੱਕੇ ਦਾ ਜਥੇਬੰਦਕ ਤਾਕਤ ਨਾਲ ਮੂੰਹ ਤੋੜ ਜਵਾਬ ਦਿੱਤਾ। ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਕਾ.ਜਗਰੂਪ ਸਿੰਘ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਾਮਰੇਡ ਗੁਰਨਾਮ ਗਿੱਲ ਨੂੰ ਸਿਧਾਂਤਕ ਤੌਰ ਤੇ ਪਰਪੱਕ , ਇਰਾਦੇ ਦੇ ਪੱਕੇ ਆਪਣੀ ਗੱਲ ਬੇਬਾਕੀ ਨਾਲ ਕਹਿਣ ਵਾਲੇ ਆਗੂ ਦੇ ਤੌਰ ਤੇ ਯਾਦ ਕੀਤਾ। ਪੰਜਾਬ ਏਟਕ ਦੇ ਵਰਕਿੰਗ ਪ੍ਰਧਾਨ ਕਾ :ਸੁਖਦੇਵ ਸ਼ਰਮਾ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਾਮਰੇਡ ਗਿੱਲ ਨੂੰ ਆਪਣਾ ਗੁਰੂ ਦੱਸਿਆ। ਭਾਰਤੀ ਕਮਿਊਨਿਸਟ ਪਾਰਟੀ ਦੇ ਜਿਲਾ ਸਕੱਤਰ ਕਾ :ਡੀ ਪੀ ਮੌੜ ਨੇ ਕਾਮਰੇਡ ਗਿੱਲ ਦੇ ਜੀਵਨ ਨਾਲ ਜੁੜੇ ਸੰਘਰਸ਼ਾਂ ਦੀਆਂ ਅਣਗਿਣਤ ਘਟਨਾਵਾਂ ਨੂੰ ਹਾਜ਼ਰੀਨ ਨਾਲ ਸਾਂਝਾ ਕਰਦੇ ਹੋਏ ਸ਼ਰਧਾਂਜਲੀ ਭੇਟ ਕੀਤੀ। ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਕਾਮਰੇਡ ਗਿੱਲ ਦੀ ਆਪਣੀ ਜਥੇਬੰਦੀ ਫੈਡਰੇਸ਼ਨ ਏਟਕ ਜਿਸ ਦੇ ਉਹ 1996 ਤੋਂ 2000 ਤੱਕ ਸੂਬਾ ਪ੍ਰਧਾਨ ਰਹੇ ਨਾਲ ਆਖਰੀ ਸਾਹਾਂ ਤੱਕ ਰਹੀ ਦਿਲੀ ਨੇੜਤਾ ਦੀ ਪ੍ਰਸ਼ੰਸਾ ਕਰਦੇ ਹੋਏ ਸ਼ਰਧਾਂਜਲੀ ਭੇਟ ਕੀਤੀ। ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਏਟਕ ਦੇ ਸੂਬਾ ਪ੍ਰਧਾਨ ਰਾਧੇਸ਼ਿਆਮ ਨੇ ਕਾਮਰੇਡ ਗਿੱਲ ਨਾਲ ਗੁਜ਼ਰੇ ਅੱਧੀ ਸਦੀ ਦੇ ਸਫ਼ਰ ਨੂੰ ਯਾਦ ਕਰਕੇ ਗਿੱਲ ਨੂੰ ਬਹੁਗੁਣਾ ਵਾਲਾ ਆਗੂ ਕਹਿ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਦੂਰ ਦੁਰਾਡੇ ਤੋਂ ਵੱਡੀ ਗਿਣਤੀ ਵਿੱਚ ਰਿਸਤੇਦਾਰਾਂ ,ਸਕੇ ਸਬੰਧੀਆਂ ਅਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਕਾਮਰੇਡ ਗਿੱਲ ਨਾਲ ਆਪਣੀ ਸਾਂਝ ਦਾ ਪ੍ਰਗਟਾਵਾ ਕੀਤਾ।ਜਿਨ੍ਹਾਂ ਵਿੱਚ ਹਜ਼ਾਰਾ ਸਿੰਘ ਗਿੱਲ , ਰਾਜਿੰਦਰ ਸਿੰਘ ਰਾਜਪੁਰਾ , ਸੰਤੋਖ ਸਿੰਘ ਬੋਪਾਰਾਏ , ਭਿੰਦਰ ਸਿੰਘ ਚਾਹਲ , ਹਰਭਜਨ ਸਿੰਘ ਪਿਲਖਣੀ , ਦੇਵਰਾਜ , ਸੁਖਜੰਟ ਸਿੰਘ ਬਰਨਾਲਾ, ਚਮਕੌਰ ਸਿੰਘ ਬੀਰਮੀ , ਰਛਪਾਲ ਸਿੰਘ ਪਾਲੀ, ਬਲਜੀਤ ਕੁਮਾਰ ਧੀਮਾਨ, ਬਲਬੀਰ ਸਿੰਘ ਮਾਨ, ਗੁਰਮੇਲ ਸਿੰਘ ਨਾਹਰ, ਜਸਵਿੰਦਰ ਸਿੰਘ ਘੁਮਾਣ, ਐਡਵੋਕੇਟ ਨਵਲ ਕਿਸੋਰ ਛਿੱਬੜ, ਸੀਪੀਆਈ ਦੇ ਕੰਟਰੋਲ ਕਮਿਸ਼ਨ ਦੇ ਚੈਅਰਮੈਨ ਰਮੇਸ਼ ਰਤਨ , ਪੀਏਯੂ ਦੇ ਆਗੂ ਰਾਜਿੰਦਰ ਪਾਲ ਸਿੰਘ ਔਲਖ, ਨਰਕੇਸਰ ਰਾਏ , ਬੈਂਕ ਇੰਪਲਾਈਜ਼ ਦੇ ਆਗੂ Ekdm ਗੌੜ , ਤੇਜਵੰਤ ਸਿੰਘ ਸਿਧੂ , ਪ੍ਰਮਜੀਤ ਸਿੰਘ ਜਨਤਾ ਨਗਰ ਆਦਿ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਕਾਮਰੇਡ ਗਿੱਲ ਦੀ ਉਚੀ ਸਖਸੀਅਤ ਨੂੰ ਸਮਰਪਿਤ ਨਵਾਂ ਜਮਾਨਾ ਵਿੱਚ ਦਿੱਤੇ ਸਪਲੀਮੈਂਟ ਦਾ ਅੰਕ ਵੀ ਰਲੀਜ਼ ਕੀਤਾ । ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਸੂਬਾ ਆਗੂ ਕੇਵਲ ਸਿੰਘ ਬਨਵੈਤ ਨੇ ਨਿਭਾਈ।

# ਸਰਬਜੀਤ ਮੰਗੂਵਾਲ ਵਲੋਂ ਫੁੱਟਬਾਲ ਦੇ ਅੰਗ-ਸੰਗ ਕਿਤਾਬਾਂ ਹੈੱਡ ਟੀਚਰ ਮਾਈਕਲ ਪੁੰਨ ਦੇ ਪਰਿਵਾਰ ਨੂੰ ਭੇਂਟ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਜਨਵਰੀ
INTERNATIONAL PAPER, 94636 01616
hardipchumber57@gmail.com



ਬੰਗਾ( ਚਰਨਜੀਤ ਸੱਲ੍ਹਾਂ )

ਅੱਜ ਖੇਡ ਲੇਖਕ ਸਰਬਜੀਤ ਮੰਗੂਵਾਲ ਆਪਣੀ ਪਤਨੀ ਮੈਡਮ ਸੁਨੀਤਾ ਸ਼ਰਮਾ ਸਮੇਤ ਮਾਸਟਰ ਮਾਈਕਲ ਪੁੰਨ ਬੰਗਾ ਦੇ ਘਰ ਉਨ੍ਹਾਂ ਨੂੰ ਮਿਲਣ ਲਈ ਗਏ। ਮਾਈਕਲ ਦੇ ਘਰ ਬੈਠ ਕੇ ਸਾਰਿਆਂ ਨੇ ਨਵੇਂ ਸਾਲ 2026 ਦੀ ਆਮਦ ਤੇ ਖੁਸ਼ ਮਿਜਾਜ ਵਿੱਚ ਪ੍ਰਭੂਰ ਆਨੰਦ ਮਾਣਿਆ। ਮਾਈਕਲ ਨੇ ਸਪੋਰਟਸ ਵਿਸ਼ੇ ਤੇ ਗੱਲਾਂ ਕਰਦੇ ਹੋਏ ਉਨ੍ਹਾਂ ਦੇ ਸਾਰੇ ਬੱਚਿਆਂ ਵਲੋਂ ਪ੍ਰਾਪਤ ਖੇਡ ਉਪਲਬਧੀਆਂ ਦਾ ਜ਼ਿਕਰ ਸਾਂਝਾ ਕੀਤਾ। ਪਿੰਡ ਹੀਉਂ ਦੇ ਤਰਲੋਕ ਸਿੰਘ ਫਿਲੋਰਾ ਸਾਹਿਬ ਦੀ ਸਾਦਗੀ ਅਤੇ ਡਾ ਹਰਬਲਾਸ ਹੀਉਂ ਬਾਰੇ ਕਮਿਊਨਿਸਟ ਸਾਹਿਤ ਪੜ੍ਹਨ ਦੇ ਸ਼ੌਕੀਨ ਹੋਣ ਦਾ ਜ਼ਿਕਰ ਵੀ ਕੀਤਾ। ਸੰਸਾਰ ਪ੍ਰਸਿੱਧ ਖੇਡ ਲੇਖਕ ਇਕਬਾਲ ਜੱਬੋਵਾਲੀਆ ਦੇ ਵੱਡੇ ਭਰਾ ਮਰਹੂਮ ਹੈੱਡਮਾਸਟਰ ਗਿਆਨ ਸਿੰਘ, ਮਾ ਪ੍ਰਦੀਪ ਕੁਮਾਰ ਬੰਗਾ, ਡਾ ਗੁਰਮੀਤ ਸਿੰਘ ਸਰਾਂ, ਪ੍ਰਿੰ ਹਰਭਜਨ ਸਿੰਘ ਬਿੱਲਾ ਅਤੇ ਆਪਣੇ ਪਿਤਾ (ਪੁੰਨ ਟੇਲਰ) ਦੀ ਦੋਸਤੀ ਬਾਰੇ ਵੀ ਗੱਲਾਂ ਕੀਤੀਆਂ। ਸਰਬਜੀਤ ਮੰਗੂਵਾਲ ਨੇ ਦੱਸਿਆ ਕਿ ਅਮਰੀਕਾ ਤੋਂ ਕੁੱਝ ਦਿਨ ਪਹਿਲਾਂ ਆਏ ਮਾਈਕਲ ਦੇ ਵੱਡੇ ਬੇਟੇ ਪੁਨੀਤ ਪੁੰਨ ਨੇ ਵੀ ਨਿਊ-ਯਾਰਕ ਵਿਚ ਰਹਿੰਦੇ ਮੇਰੇ ਮਿੱਤਰਾਂ, ਸੰਸਾਰ ਦੇ ਉੱਘੇ ਖੇਡ ਲੇਖਕ ਇਕਬਾਲ ਜੱਬੋਵਾਲੀਆ ਤੇ ਐੱਸ ਅਸ਼ੋਕ ਭੌਰਾ ਸਮੇਤ ਹੈੱਡਮਾਸਟਰ ਹਰਦੇਵ ਸਿੰਘ ਬੰਗਾ, ਦੇਸ ਰਾਜ ਮੰਗੂਵਾਲ, ਫੁੱਟਬਾਲ ਖਿਡਾਰੀ ਜੀਤਾ ਕਾਹਮਾ, ਅਮਿਤ ਪੁੰਨ ਬੰਗਾ ਦੇ ਪਰਿਵਾਰਾਂ ਦੇ ਚੰਗੇ ਹਾਲ-ਚਾਲ ਬਾਰੇ ਦੱਸਿਆ। ਆਮ ਲੋਕਾਂ ਦੇ ਰਹਿਣ-ਸਹਿਣ ਅਤੇ ਅਮਰੀਕਾ ਦੇ ਵਾਤਾਵਾਰਣ ਸਬੰਧੀ ਜਾਣਕਾਰੀ ਵੀ ਦਿੱਤੀ। ਪੁਨੀਤ ਨੇ ਅਮਰੀਕਾ ਵਿੱਚ ਚੱਲ ਰਹੀ ਆਪਣੀ ਬਿਜ਼ਨਸ ਮੈਨੇਜਮੈਂਟ ਅਤੇ ਆਪਣੇ ਛੋਟੇ ਭਰਾ ਗੁੰਜਨ ਪੁੰਨ ਦੀ ਕੰਪਿਊਟਰ ਸਾਇੰਸ ਵਿਸ਼ੇ ਸਬੰਧੀ ਸਟੱਡੀ ਬਾਰੇ ਵੀ ਗੱਲ ਕੀਤੀ। ਇਸ ਮਗਰੋਂ ਸਰਬਜੀਤ ਮੰਗੂਵਾਲ ਨੇ ਦੱਸਿਆ ਕਿ ਸਵਰਗੀ ਸ਼੍ਰੀ ਬਲਰਾਜ ਪੁੰਨ (ਉੱਘੇ ਸਮਾਜ ਸੇਵੀ) ਮੇਰੇ ਵੀ ਬਹੁਤ ਸਤਿਕਾਰਤ ਮਿੱਤਰ ਸਨ। ਉਨ੍ਹਾਂ ਦੀ ਧਰਮ ਪਤਨੀ ਭੈਣ ਜੀ ਫੂਲਾ ਰਾਣੀ ਜੀ ਦੇ ਮਿਲਣਸਾਰ ਅਤੇ ਹਲੀਮ ਸੁਭਾਅ ਤੋਂ ਅਸੀਂ ਬਹੁਤ ਪ੍ਰਭਾਵਿਤ ਹੋਏ ਹਾਂ। ਇਸ ਮੌਕੇ ਉਨ੍ਹਾਂ ਨੇ ਉੱਘੇ ਡੀ ਸੀ ਪੁੰਨ (ਪੁੰਨ ਟੇਲਰ) ਰੇਲਵੇ ਰੋਡ ਬੰਗਾ ਦੇ ਹੋਣਹਾਰ ਸਪੁੱਤਰ ਮਾਈਕਲ ਪੁੰਨ ਹੈੱਡ ਟੀਚਰ ਐਲੀਮੈਂਟਰੀ ਸਕੂਲ ਹੀਉਂ ਅਤੇ ਉਸ ਦੀ ਪਤਨੀ ਸ਼ਾਲਨੀ (ਸੈਂਟਰ ਹੈੱਡ ਟੀਚਰ) ਨੂੰ ਫੁੱਟਬਾਲ ਦੇ ਅੰਗ-ਸੰਗ ਕਿਤਾਬਾਂ ਭੇਂਟ ਕੀਤੀਆਂ।

# ਬਜ਼ੁਰਗ ਐੱਨ ਆਰ ਆਈ ਜੋੜੇ ਨਾਲ 14 ਕਰੋੜ ਰੁਪਏ ਦੀ ਠੱਗੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 11 ਜਨਵਰੀ
INTERNATIONAL PAPER, 94636 01616
hardipchumber57@gmail.com

ਦਿੱਲੀ ਵਿੱਚ ਇੱਕ ਵੱਡੀ ਆਨਲਾਈਨ ਘੁਟਾਲੇ ਦਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਬਜ਼ੁਰਗ ਐੱਨ ਆਰ ਆਈ ਜੋੜੇ ਨਾਲ ਲਗਪਗ 14 ਕਰੋੜ ਰੁਪਏ ਦੀ ਠੱਗੀ ਹੋਈ ਹੈ। ਦਿੱਲੀ ਪੁਲੀਸ ਮੁਤਾਬਕ, ਇਹ ਠੱਗੀ 'ਡਿਜੀਟਲ ਅਰੈਸਟ' ਰਾਹੀਂ ਕੀਤੀ ਗਈ, ਜਿਸ ਵਿੱਚ ਪੀੜਤਾਂ ਉੱਤੇ ਡਰ ਅਤੇ ਮਾਨਸਿਕ ਦਬਾਅ ਬਣਾ ਕੇ ਪੈਸੇ ਟਰਾਂਸਫਰ ਕਰਵਾਏ ਗਏ ਹਨ।

ਪੁਲੀਸ ਨੇ ਦੱਸਿਆ ਕਿ ਗ੍ਰੇਟਰ ਕੈਲਾਸ਼-2 ਦੀ ਰਹਿਣ ਵਾਲੀ 77 ਸਾਲਾ ਐੱਨ ਆਰ ਆਈ ਮਹਿਲਾ ਨੇ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ ਹੈ। ਵੇਰਵਿਆਂ ਅਨੁਸਾਰ ਇਹ ਘਟਨਾ 24 ਦਸੰਬਰ 2025 ਤੋਂ 9 ਜਨਵਰੀ 2026 ਦਰਮਿਆਨ ਵਾਪਰੀ ਜਦੋਂ ਇੱਕ ਨੌਸਰਬਾਜ਼ ਨੇ ਆਪਣੇ ਆਪ ਨੂੰ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ ਦਾ ਅਧਿਕਾਰੀ ਦੱਸਦੇ ਹੋਏ ਫੋਨ ਕਾਲ ਕੀਤੀ।

# ਡਿਜੀਟਲ ਲਾਇਬ੍ਰੇਰੀ ਦੀ ਇਤਿਹਾਸਕ ਪ੍ਰਾਪਤੀ : 11 ਵਿਦਿਆਰਥੀਆਂ ਨੇ ਪੀ.ਸੀ.ਐਸ ਮੁਢਲੀ ਪ੍ਰੀਖਿਆ ਕੀਤੀ ਪਾਸ

## ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਡਿਜੀਟਲ ਲਾਇਬ੍ਰੇਰੀ ਬਣੀ ਸਫਲਤਾ ਦਾ ਕੇਂਦਰ

"Equality and justice" Patiala 11 January INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਯੋਗ ਅਗਵਾਈ ਹੇਠ ਡਿਜੀਟਲ ਲਾਇਬ੍ਰੇਰੀ, ਹੁਸ਼ਿਆਰਪੁਰ ਨੇ ਇਕ ਹੋਰ ਸ਼ਾਨਦਾਰ ਪ੍ਰਾਪਤੀ ਕੀਤੀ ਹੈ। ਡਿਜੀਟਲ ਲਾਇਬ੍ਰੇਰੀ ਵਿੱਚ ਨਿਯਮਤ ਤੌਰ 'ਤੇ ਪੜ੍ਹਾਈ ਕਰਨ ਵਾਲੇ 11 ਵਿਦਿਆਰਥੀਆਂ ਨੇ ਪੀ.ਸੀ.ਐਸ ਪ੍ਰੀਲਿਮਜ਼ 2025 ਪ੍ਰੀਖਿਆ ਸਫਲਤਾਪੂਰਵਕ ਪਾਸ ਕੀਤੀ ਹੈ। ਜਿਸ ਨਾਲ ਨਾ ਸਿਰਫ਼ ਉਨ੍ਹਾਂ ਦੇ ਪਰਿਵਾਰਾਂ, ਸਗੋਂ ਪੂਰੇ ਜ਼ਿਲ੍ਹੇ ਦਾ ਮਾਣ ਵਧਿਆ ਹੈ। ਇਹ ਸਫਲਤਾ ਜ਼ਿਲ੍ਹੇ ਵਿੱਚ ਉਪਲਬੱਧ ਵਿੱਦਿਅਕ ਸਰੋਤਾਂ ਅਤੇ ਪ੍ਰਸ਼ਾਸਨਿਕ ਸਹਾਇਤਾ ਦੀ ਇਕ ਸ਼ਕਤੀਸ਼ਾਲੀ ਉਦਾਹਰਣ ਹੈ। ਇਨ੍ਹਾਂ ਵਿਦਿਆਰਥੀਆਂ ਨੇ ਡਿਜੀਟਲ ਲਾਇਬ੍ਰੇਰੀ ਵਿੱਚ ਇਕ ਬਹੁਤ ਹੀ ਅਨੁਸ਼ਾਸਿਤ ਵਾਤਾਵਰਨ ਵਿੱਚ ਨਿਰੰਤਰ ਸਖ਼ਤ ਮਿਹਨਤ ਨਾਲ ਪ੍ਰੀਖਿਆ ਦੀ ਤਿਆਰੀ ਕੀਤੀ। ਉਨ੍ਹਾਂ ਨੇ ਰੋਜ਼ਾਨਾ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਪੜ੍ਹਾਈ ਅਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਅਣਥੱਕ ਮਿਹਨਤ ਕੀਤੀ। ਡਿਜੀਟਲ ਲਾਇਬ੍ਰੇਰੀ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਪੀ.ਸੀ.ਐਸ ਨਾਲ ਸਬੰਧਤ ਮਿਆਰੀ ਕਿਤਾਬਾਂ, ਹਵਾਲਾ ਸਮੱਗਰੀ ਅਤੇ ਅਨੁਕੂਲ ਅਧਿਐਨ ਵਾਤਾਵਰਨ ਨੇ ਉਨ੍ਹਾਂ ਦੀ ਤਿਆਰੀ ਲਈ ਇਕ ਮਜ਼ਬੂਤ ਨੀਂਹ ਪ੍ਰਦਾਨ ਕੀਤੀ, ਜੋ ਉਨ੍ਹਾਂ ਦੇ ਸਕਾਰਾਤਮਕ ਪ੍ਰੀਖਿਆ ਨਤੀਜਿਆਂ ਵਿੱਚ ਝਲਕਦੀ ਸੀ। ਪੀ.ਸੀ.ਐਸ ਪ੍ਰੀਲਿਮਜ਼ 2025 ਪਾਸ ਕਰਨ ਵਾਲੇ ਵਿਦਿਆਰਥੀਆਂ ਵਿੱਚ ਕਨਿਕਾ, ਸਲੋਨੀ, ਨਿਤਿਸ਼, ਪ੍ਰਿਆ, ਸਾਹਿਲ ਗੁਪਤਾ, ਗੁਰਪ੍ਰੀਤ ਸੰਧੂ, ਭਾਵਨਾ, ਅਰਸ਼ਦੀਪ ਕੌਰ, ਕਰਨਦੀਪ ਸਿੰਘ, ਸੁਚਿੱਤਾ ਅਤੇ ਅਨਿਰੁਧ ਗੁਪਤਾ ਸ਼ਾਮਿਲ ਹਨ। ਉਨ੍ਹਾਂ ਦੀ ਸਫਲਤਾ ਦਰਸਾਉਂਦੀ ਹੈ ਕਿ ਸਹੀ ਦਿਸ਼ਾ, ਸਰੋਤਾਂ ਅਤੇ ਮਾਰਗਦਰਸ਼ਨ ਨਾਲ, ਨਿਮਰ ਪਿਛੋਕੜ ਵਾਲੇ ਵਿਦਿਆਰਥੀ ਵੀ ਸਭ ਤੋਂ ਵੱਧ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਵਿੱਚ ਸਫਲ ਹੋ ਸਕਦੇ ਹਨ।ਇਸ ਮੌਕੇ 'ਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਸਾਰੇ ਸਫਲ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਪ੍ਰਾਪਤੀ ਉਨ੍ਹਾਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਅਨੁਸ਼ਾਸਨ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਿਦਿਆਰਥੀਆਂ ਨੂੰ ਮਿਆਰੀ ਅਧਿਐਨ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ ਤਾਂ ਜੋ ਪ੍ਰਤਿਭਾਸ਼ਾਲੀ ਨੌਜਵਾਨ ਪ੍ਰਸ਼ਾਸਕੀ ਸੇਵਾਵਾਂ ਵਿੱਚ ਜਾ ਕੇ ਸਮਾਜ ਅਤੇ ਸੂਬੇ ਦੀ ਸੇਵਾ ਕਰ ਸਕਣ। ਉਨ੍ਹਾਂ ਵਿਦਿਆਰਥੀਆਂ ਨੂੰ ਪੀ.ਸੀ.ਐਸ ਪ੍ਰੀਲਿਮਜ਼ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਪੂਰੀ ਲਗਨ ਅਤੇ ਵਿਸ਼ਵਾਸ ਨਾਲ ਮੁੱਖ ਪ੍ਰੀਖਿਆ ਦੀ ਤਿਆਰੀ ਕਰਨ ਲਈ ਵੀ ਉਤਸ਼ਾਹਿਤ ਕੀਤਾ।

# ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਬੰਗਾ ਦੀ ਇੱਕ ਅਹਿਮ ਮੀਟਿੰਗ ਰਵਿੰਦਰ ਮਹਿਮੀ ਬੰਗਾ ਜੀ ਦੇ ਘਰ ਹੋਈ।

"Equality and justice" Patiala 11 January INTERNATIONAL PAPER, 94636 01616 hardipchumber57@gmail.com



ਬੰਗਾ (ਚਰਨਜੀਤ ਸੱਲ੍ਹਾਂ )ਜਿਸ ਵਿੱਚ ਭੈਣ ਕੁਮਾਰੀ ਮਾਇਆਵਤੀ ਜੀ ਦੇ ਜਨਮ ਦਿਨ ਦੇ ਮੌਕੇ ਨਵਾਂਸ਼ਹਿਰ ਵਿਖੇ ਕੀਤੇ ਜਾ ਰਹੇ ਸਮਾਗਮ ਨੂੰ ਕਾਮਯਾਬ ਕਰਨ ਲਈ ਅਹਿਮ ਵਿਚਾਰਾਂ ਕੀਤੀਆਂ ਗਈਆਂ, ਅਤੇ ਆਉਣ ਵਾਲੀਆਂ ਮਿਊਂਸੀਪਲ ਕਮੇਟੀ ਦੀਆਂ ਚੋਣਾਂ ਦੀ ਤਿਆਰੀ ਲਈ ਵੀ ਵਿਚਾਰ ਚਰਚਾ ਕੀਤੀ ਗਈ। ਇਹ ਮੀਟਿੰਗ ਹਲਕਾ ਬੰਗਾ ਦੇ ਪ੍ਰਧਾਨ ਸਤਪਾਲ ਰਟੈਂਡਾ ਜੀ ਦੀ ਅਗਵਾਈ ਵਿੱਚ ਕੀਤੀ ਗਈ। ਇਸ ਮੀਟਿੰਗ ਵਿੱਚ ਰਵਿੰਦਰ ਮਹਿੰਮੀ ਬਸਪਾ ਦੀ ਸੀਨੀਅਰ ਆਗੂ,ਤਿਲਕ ਰਾਜ ਬਾਬਾ ਜੀ,ਜੈ ਪਾਲ ਸੁੰਡਾ ਸਾਬਕਾ ਪ੍ਰਧਾਨ, ਪ੍ਰਕਾਸ਼ ਚੰਦ ਬਸਪਾ ਆਗੂ, ਮਨਜੀਤ ਸਿੰਘ ਠੇਕੇਦਾਰ, ਪਰਮਜੀਤ ਸਿੰਘ ਮਹਿਰਮਪੁਰੀ, ਮਨੋਹਰ ਕਮਾਮ ਜ਼ਿਲ੍ਹਾ ਕੋਆਰਡੀਨੇਟਰ, ਕੁਲਦੀਪ ਬਹਿਰਾਮ ਯੂਥ ਆਗੂ, ਦਰਸ਼ਨ ਬਹਿਰਾਮ, ਤੀਰਥ ਕਲਸੀ ਬਹਿਰਾਮ ਅਤੇ ਪਰਮਜੀਤ ਦੁਸਾਂਝ ਬਸਪਾ ਦੇ ਸਾਰੇ ਸਿਰਕੱਢ ਆਗੂ ਇਸ ਮੀਟਿੰਗ ਵਿੱਚ ਸ਼ਾਮਲ ਹੋਏ।

# ਚਾਇਨਾ ਡੋਰ ਵੇਚਣ ਤੇ ਖ੍ਰੀਦਣ ਵਾਲਿਆਂ ਤੇ ਹੋਵੇ ਸਖਤ ਕਾਰਵਾਈ

"Equality and justice" Patiala 11 January INTERNATIONAL PAPER, 94636 01616 hardipchumber57@gmail.com



ਬੰਗਾ (ਚਰਨਜੀਤ ਸੱਲ੍ਹਾਂ ) ਰੋਟਰੀ ਕਲੱਬ ਬੰਗਾ ਗ੍ਰੀਨ ਦੇ ਪ੍ਰਧਾਨ ਰੋਟ. ਦਿਲਬਾਗ ਸਿੰਘ ਬਾਗੀ ਅਤੇ ਉਪ ਪ੍ਰਧਾਨ ਰੋਟ. ਸ਼ਮਿੰਦਰ ਸਿੰਘ ਗਰਚਾ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਚਾਇਨਾ ਡੋਰ ਦੇ ਘਾਤਕ ਨਤੀਜਿਆਂ ਬਾਰੇ ਗੰਭੀਰ ਚਿੰਤਾ ਜਤਾਈ ਅਤੇ ਕਿਹਾ ਕਿ ਚਾਇਨਾ ਡੋਰ ਮਨੁੱਖੀ ਜਾਨਾਂ, ਪੰਛੀਆਂ ਅਤੇ ਵਾਹਨਾਂ ਲਈ ਬਹੁਤ ਹੀ ਖ਼ਤਰਨਾਕ ਸਾਬਤ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਹਰ ਸਾਲ ਇਸ ਡੋਰ ਕਾਰਨ ਕਈ ਬੇਗੁਨਾਹ ਲੋਕ ਗੰਭੀਰ ਜ਼ਖ਼ਮੀ ਹੁੰਦੇ ਹਨ ਅਤੇ ਕਈਆਂ ਦੀ ਜਾਨ ਤੱਕ ਚਲੀ ਜਾਂਦੀ ਹੈ, ਜੋ ਬਹੁਤ ਹੀ ਦੁਖਦਾਈ ਹੈ। ਆਗੂਆਂ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਚਾਇਨਾ ਡੋਰ ਦੀ ਵਿਕਰੀ, ਖਰੀਦ ਅਤੇ ਵਰਤੋਂ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਨਾਲ ਹੀ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੀ ਅਤੇ ਹੋਰਾਂ ਦੀ ਸੁਰੱਖਿਆ ਲਈ ਇਸ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰਨ। ਦੋਪਹੀਆ ਵਾਹਨ ਚਾਲਕ ਹੈਲਮਟ ਦੀ ਵਰਤੋਂ ਜਰੂਰ ਕਰਨ ਨਹੀਂ ਤਾਂ ਆਪਣੇ ਗਲੇ ਦੇ ਦੁਆਲੇ ਮਫਲਰ ਜਰੂਰ ਪਾ ਕੇ ਰੱਖਣ ਤਾਂ ਕਿ ਚਾਇਨਾ ਡੋਰ ਨਾਲ ਹੋਣ ਵਾਲੇ ਹਾਦਸੇ ਨੂੰ ਟਾਲ਼ਿਆ ਜਾ ਸਕੇ। ਇਸ ਮੌਕੇ ਕਲੱਬ ਦੇ ਹਾਜ਼ਰ ਮੈਂਬਰਾਂ ਵਿੱਚ ਰੋਟ. ਜੀਵਨ ਦਾਸ ਕੌਸ਼ਲ, ਰੋਟ. ਸਰਬਜੀਤ ਸਿੰਘ ਬੇਦੀ, ਇੰਜ. ਇੰਦਰਜੀਤ ਕੁਮਾਰ ਐਕਸੀਅਨ ਬੰਗਾ, ਰੋਟ. ਗੁਰਬਖ਼ਸ਼ ਰਾਮ (ਐਸ.ਡੀ.ਓ. ਸਬ ਅਰਬਨ ਬੰਗਾ), ਰੋਟ. ਸੁਖਵਿੰਦਰ ਸਿੰਘ ਧਾਮੀ ਅਤੇ ਰੋਟ. ਡਾ. ਧਰਮਜੀਤ ਸਿੰਘ ਵਾਈਸ ਚਾਂਸਲਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਅਵਤਾਰ ਸਿੰਘ ਐਸਡੀਓ ਸਿਟੀ ਬੰਗਾ, ਰਣਜੀਤ ਸਿੰਘ ਕੰਦੋਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

# ਬਸਪਾ ਜੋਨ ਪਟਿਆਲਾ ਵੱਲੋਂ ਰਾਸ਼ਟਰੀ ਪ੍ਰਧਾਨ ਭੈਣ ਮਾਇਆਵਤੀ ਜੀ ਦਾ ਜਨਮ ਦਿਨ ਸ਼ੇਰਪੁਰ ਮਨਾਇਆ ਜਾਵੇਗਾ

"Equality and justice" Patiala 11 January INTERNATIONAL PAPER, 94636 01616 hardipchumber57@gmail.com

ਸ਼ੇਰਪੁਰ (ਚਰਨਜੀਤ ਸੱਲ੍ਹਾਂ )ਬਹੁਜਨ ਸਮਾਜ ਪਾਰਟੀ, ਜੋਨ ਪਟਿਆਲਾ ਵੱਲੋਂ, ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ, ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼, ਸਾਬਕਾ ਐਮ ਪੀ ,ਜੀ ਦਾ ਜਨਮ ਦਿਨ 15 ਜਨਵਰੀ 2026 ਦਿਨ ਵੀਰਵਾਰ ਸਮਾਂ ਸਵੇਰੇ 11 ਵਜੇ ਦੁਸਹਿਰਾ ਗਰਾਊਂਡ ,ਅਨਾਜ ਮੰਡੀ ਸੇਰਪੁਰ ,ਵਿਧਾਨ ਸਭਾ ਮਹਿਲ ਕਲਾਂ ਵਿਖੇ ਮਨਾਇਆ ਜਾ ਰਿਹਾ ਹੈ ।

ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ

1 ਸ ਅਜੀਤ ਸਿੰਘ ਭੈਣੀ ਪਰਜਾਪਤੀ ਸੂਬਾ ਇੰਚਾਰਜ,ਜੋਨ ਇੰਚਾਰਜ ਪਟਿਆਲਾ ।

2 ਸਰਦਾਰ ਕੁਲਦੀਪ ਸਿੰਘ ਸਰਦੂਲਗੜ੍ਹ ,ਸੂਬਾ ਇੰਚਾਰਜ ,

ਵਿਸ਼ੇਸ਼ ਮਹਿਮਾਨ :

1ਸਰਦਾਰ ਬਲਦੇਵ ਸਿੰਘ ਮਹਿਰਾ, ਸੂਬਾ ਮੀਤ ਪ੍ਰਧਾਨ ,ਜੋਨ ਇੰਚਾਰਜ ਪਟਿਆਲਾ ।

2 ਲੈਕਚਰਾਰ ਅਮਰਜੀਤ ਸਿੰਘ ਝਲੂਰ ,ਜਨਰਲ ਸੈਕਟਰੀ ਪੰਜਾਬ, ਜੋਨ ਇੰਚਾਰਜ ਪਟਿਆਲਾ ,

3 ਸਰਦਾਰ ਜੋਗਾ ਸਿੰਘ ਪਨੋਦੀਆ, ਜਰਨਲ ਸੈਕਟਰੀ ਪੰਜਾਬ , ਜੋਨ ਇੰਚਾਰਜ਼ ਪਟਿਆਲਾ।

4 ਰਾਜਾ ਰਜਿੰਦਰ ਸਿੰਘ ਨੰਨ੍ਹੇੜੀਆ, ਜਰਨਲ ਸੈਕਟਰੀ ਪੰਜਾਬ ,ਜੋਨ ਇੰਚਾਰਜ ਪਟਿਆਲਾ

5 ਸਰਦਾਰ ਚਮਕੌਰ ਸਿੰਘ ਵੀਰ, ਜਨਰਲ ਸੈਕਟਰੀ ਪੰਜਾਬ ।

6 ਡਾਕਟਰ ਮੱਖਣ ਸਿੰਘ ਜੀ, ਜਨਰਲ ਸੈਕਟਰੀ ਪੰਜਾਬ ਪਹੁੰਚ ਰਹੇ ਹਨ।

ਇਸ ਪ੍ਰੋਗਰਾਮ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਬਰਨਾਲਾ,ਸ ਸਰਬਜੀਤ ਸਿੰਘ ਖੇੜੀ ਜੀ ਕਰਨਗੇ ।

ਸੋ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨ ਸਾਹਿਬ ਤੇ ਹਲਕਿਆਂ ਦੇ ਪ੍ਰਧਾਨ, ਸੈਕਟਰਾਂ ਦੇ ਇੰਚਾਰਜ, BVF, ਤੇ Bamcef ਸਾਰੇ ਵਰਕਰ, ਸਮਰਥਕ ਸਾਥੀਆਂ ਨੂੰ ਬੇਨਤੀ ਹੈ ਕਿ ਆਪੋ ਆਪਣੇ ਹਲਕਿਆਂ ਦੇ ਵਿੱਚੋਂ ਵੱਧ ਤੋਂ ਵੱਧ ਗਿਣਤੀ ਦੇ ਵਿੱਚ ਵਰਕਰ ਸਮਰਥਕ ਸਾਥੀਆਂ ਨੂੰ ਇਸ ਪ੍ਰੋਗਰਾਮ ਦੇ ਵਿੱਚ ਸਮੂਲੀਅਤ ਕਰਵਾਈ ਜਾਵੇ ਜੀ । ਜੋ ਵੀ ਆਰਥਿਕ ਸਹਿਯੋਗ ਦਾ ਟੀਚਾ ਲਗਾਇਆ ਗਿਆ ਹੈ। ਉਸ ਨੂੰ ਹਰ ਹਾਲਤ ਦੇ ਵਿੱਚ ਪੂਰਾ ਕਰਕੇ ਲਿਆਂਦਾ ਜਾਵੇ ਜੀ ।

# ਰਾਜਪੁਰ ਭਾਈਆਂ ਦੇ ਫੁੱਟਬਾਲ ਗ੍ਰਾਊਂਡ ਲਈ 30 ਲੱਖ ਰੁਪਏ ਦੀ ਗ੍ਰਾਂਟ ਕੀਤੀ ਜਾਰੀ – ਵਿਧਾਇਕ ਡਾ. ਈਸ਼ਾਂਕ ਕੁਮਾਰ

"Equality and justice" Patiala 11 January INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਸਰਕਾਰ ਦੀ ਖੇਡ ਨੀਤੀ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੀ ਦਿਸ਼ਾ ਵਿੱਚ ਚੱਬੇਵਾਲ ਦੇ ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਪਿੰਡ ਰਾਜਪੁਰ ਭਾਈਆਂ ਵਿੱਚ 30 ਲੱਖ ਰੁਪਏ ਦੀ ਲਾਗਤ ਨਾਲ ਫੁੱਟਬਾਲ ਗ੍ਰਾਊਂਡ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਉਨ੍ਹਾਂ ਨੇ ਨੌਜਵਾਨਾਂ ਨਾਲ ਮਿਲ ਕੇ ਫੁੱਟਬਾਲ ਖੇਡ ਕੇ ਨਾ ਸਿਰਫ਼ ਉਨ੍ਹਾਂ ਦਾ ਹੌਸਲਾ ਵਧਾਇਆ, ਸਗੋਂ ਖੇਡਾਂ ਪ੍ਰਤੀ ਸਰਕਾਰ ਦੀ ਗੰਭੀਰਤਾ ਦਾ ਵੀ ਸਾਫ਼ ਸੰਦੇਸ਼ ਦਿੱਤਾ। ਇਸ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਪੰਚਾਇਤ ਮੈਂਬਰ, ਨੌਜਵਾਨ ਖਿਡਾਰੀ ਅਤੇ ਹੋਰ ਮਾਣਯੋਗ ਸ਼ਖ਼ਸੀਅਤਾਂ ਹਾਜ਼ਰ ਰਹੀਆਂ। ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਸਪਸ਼ਟ ਨੀਤੀ ਹੈ ਕਿ ਹਰ ਪਿੰਡ ਵਿੱਚ ਖੇਡਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕੀਤਾ ਜਾਵੇ, ਤਾਂ ਜੋ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਅਤੇ ਦਰਸਾਉਣ ਦੇ ਪੂਰੇ ਮੌਕੇ ਮਿਲ ਸਕਣ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਹਨ ਅਤੇ ਸਰਕਾਰ ਇਸੇ ਸੋਚ ਨਾਲ ਖੇਡ ਸੁਵਿਧਾਵਾਂ ਦਾ ਵਿਸਤਾਰ ਕਰ ਰਹੀ ਹੈ। ਵਿਧਾਇਕ ਨੇ ਦੱਸਿਆ ਕਿ ਰਾਜਪੁਰ ਭਾਈਆਂ ਦੇ ਇਸ ਗ੍ਰਾਊਂਡ ਵਿੱਚ ਸਮਤਲੀਕਰਨ, ਬੈਠਣ ਦੀ ਸੁਵਿਧਾ ਅਤੇ ਲੋੜੀਂਦੇ ਖੇਡ ਸਾਧਨਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ, ਤਾਂ ਜੋ ਖਿਡਾਰੀ ਸੁਧਰੇ ਹੋਏ ਮਾਹੌਲ ਵਿੱਚ ਅਭਿਆਸ ਕਰ ਸਕਣ। ਨੀਂਹ ਪੱਥਰ ਰੱਖਣ ਤੋਂ ਬਾਅਦ ਜਦੋਂ ਵਿਧਾਇਕ ਖੁਦ ਫੁੱਟਬਾਲ ਖੇਡਣ ਲਈ ਮੈਦਾਨ ਵਿੱਚ ਉਤਰੇ ਤਾਂ ਨੌਜਵਾਨਾਂ ਵਿੱਚ ਖਾਸ ਉਤਸ਼ਾਹ ਵੇਖਣ ਨੂੰ ਮਿਲਿਆ। ਨੌਜਵਾਨਾਂ ਨੇ ਕਿਹਾ ਕਿ ਡਾ. ਈਸ਼ਾਂਕ ਨੂੰ ਆਪਣੇ ਨਾਲ ਖੇਡਦੇ ਦੇਖ ਕੇ ਉਨ੍ਹਾਂ ਦਾ ਮਨੋਬਲ ਕਈ ਗੁਣਾ ਵਧ ਗਿਆ। ਪਿੰਡ ਦੇ ਸਰਪੰਚ ਅਤੇ ਪੰਚਾਇਤ ਮੈਂਬਰਾਂ ਨੇ ਇਸ ਵਿਸ਼ੇਸ਼ ਗ੍ਰਾਂਟ ਲਈ ਡਾ. ਈਸ਼ਾਂਕ ਕੁਮਾਰ ਦਾ ਧੰਨਵਾਦ ਕੀਤਾ। ਅੰਤ ਵਿੱਚ ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਭਰੋਸਾ ਦਿਵਾਇਆ ਕਿ ਚੱਬੇਵਾਲ ਵਿਧਾਨ ਸਭਾ ਖੇਤਰ ਵਿੱਚ ਵਿਕਾਸ ਕਾਰਜਾਂ ਦੀ ਰਫ਼ਤਾਰ ਹੋਰ ਤੇਜ਼ ਕੀਤੀ ਜਾਵੇਗੀ ਅਤੇ ਖੇਡਾਂ, ਸਿੱਖਿਆ ਤੇ ਬੁਨਿਆਦੀ ਸੁਵਿਧਾਵਾਂ ਨੂੰ ਪਹਿਲ ਦਿੰਦਿਆਂ ਪੰਜਾਬ ਨੂੰ ਮੁੜ ਖੇਡਾਂ ਵਿੱਚ ਅਗੇਤੂ ਰਾਜ ਬਣਾਇਆ ਜਾਵੇਗਾ।

# ਨਿਊਜ਼ੀਲੈਂਡ 'ਚ ਮੁੜ ਨਗਰ ਕੀਰਤਨ ਦੇ ਵਿਰੋਧ ਦੀ ਸ਼੍ਰੋਮਣੀ ਕਮੇਟੀ ਵੱਲੋਂ ਨਿਖੇਧੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 11 ਜਨਵਰੀ INTERNATIONAL PAPER, 94636 01616 hardipchumber57@gmail.com



ਨਿਊਜ਼ੀਲੈਂਡ ਅੰਦਰ ਸਿੱਖਾਂ ਵੱਲੋਂ ਸ਼ਾਂਤੀਪੂਰਵਕ ਅਤੇ ਧਾਰਮਿਕ ਮਰਿਆਦਾ ਅਨੁਸਾਰ ਸਜਾਏ ਗਏ ਨਗਰ ਕੀਰਤਨ ਦਾ ਸਥਾਨਕ ਕੁਝ ਲੋਕਾਂ ਵੱਲੋਂ ਇੱਕ ਵਾਰ ਫਿਰ ਵਿਰੋਧ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਗਰ ਕੀਰਤਨ ਦਾ ਵਿਰੋਧ ਕੀਤੇ ਜਾਣ ਦੀ ਨਿਖੇਧੀ ਕਰਦਿਆਂ ਭਾਰਤ ਅਤੇ ਨਿਊਜ਼ੀਲੈਂਡ ਸਰਕਾਰ ਨੂੰ ਇਸ ਦਾ ਨੋਟਿਸ ਲੈਣ ਦੀ ਅਪੀਲ ਕੀਤੀ।

ਧਾਮੀ ਨੇ ਕਿਹਾ ਕਿ ਨਿਊਜ਼ੀਲੈਂਡ ਅੰਦਰ ਅਜਿਹਾ ਦੂਜੀ ਵਾਰ ਹੋਇਆ ਹੈ, ਜਿਸ ਨੇ ਸਿੱਖ ਸੰਗਤਾਂ ਨੂੰ ਨਿਰਾਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਭਾਈਚਾਰੇ ਦੀ ਮਜ਼ਬੂਤੀ ਲਈ ਆਪਣਾ ਮਿਸਾਲੀ ਯੋਗਦਾਨ ਪਾਉਣ ਵਾਲੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਰਵਾਇਤਾਂ ਨੂੰ ਨਫ਼ਰਤੀ ਨਜ਼ਰੀਏ ਨਾਲ ਦੇਖਿਆ ਜਾਣਾ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਨਗਰ ਕੀਰਤਨ ਸਿੱਖ ਧਰਮ ਦੀ ਇੱਕ ਪਵਿੱਤਰ ਧਾਰਮਿਕ ਰਵਾਇਤ ਹੈ ਜਿਸ ਦਾ ਵਿਰੋਧ ਸਿੱਖ ਧਰਮ ਦੀਆਂ ਮਾਨਵ ਹਿਤੈਸ਼ੀ ਕਦਰਾਂ ਕੀਮਤਾਂ ਦੇ ਨਾਲ ਨਾਲ ਸਮਾਜ ਦੀ ਆਪਸੀ ਸਾਂਝ ਲਈ ਵੀ ਚੁਣੌਤੀ ਹੈ।

# ਸਮਾਰਟ ਸਕੂਲ ਕੁਲਰੀਆਂ ਯੂਨਿਟ ਦਾ ਸੱਤ ਰੋਜਾ ਕੌਮੀ ਸੇਵਾ ਯੋਜਨਾ ਕੈਂਪ ਯਾਦਗਾਰੀ ਪੈੜਾਂ ਛੱਡਦਾ ਸਮਾਪਤ।

## ਨੌਜਵਾਨ ਹੱਥੀਂ ਕੰਮ ਕਰਨ ਨੂੰ ਪਹਿਲ ਦੇਣ ਤਾਂ ਹੀ ਪੰਜਾਬ ਦੀ ਖੁਸ਼ਹਾਲੀ ਵਾਪਿਸ ਪਰਤ ਸਕਦੀ ਹੈ: ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਦਰਸ਼ਨ ਸਿੰਘ ਬਰੇਟਾ

"Equality and justice"
Patiala 11 January
INTERNATIONAL PAPER, 94636 01616
hardipchumber57@gmail.com



ਬਰੇਟਾ( ) ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਮਾਨਸਾ ਡਾ. ਮਲਕੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਪ੍ਰਿੰਸੀਪਲ ਪਰਮਿੰਦਰ ਸਿੰਘ ਕਟੌਦੀਆ ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕੁਲਰੀਆਂ ਵਿਖੇ ਸੱਤ ਰੋਜ਼ਾ ਕੌਮੀ ਸੇਵਾ ਯੋਜਨਾ ਐਨ ਐਸ ਐਸ ਕੈਂਪ ਸਫਲਤਾ ਪੂਰਵਕ ਨੇਪਰੇ ਚੜ੍ਹਿਆ। ਇਨਾਮ ਵੰਡ ਸਮਾਰੋਹ ਵਿੱਚ ਮੁੱਖ ਮਹਿਮਾਨ ਸ੍ਰੀਮਤੀ ਪਰਮਿੰਦਰ ਕੌਰ ਸਰਪੰਚ ਗ੍ਰਾਮ ਪੰਚਾਇਤ ਪਿੰਡ ਕੁਲਰੀਆਂ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਮਹਿਮਾਨ ਦਰਸ਼ਨ ਸਿੰਘ ਬਰੇਟਾ ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਭਾਰਤ ਸਕਾਊਟਸ ਤੇ ਗਾਈਡਜ਼ ਮਾਨਸਾ ਅਤੇ ਜਿਲਾ ਪ੍ਰੀਸ਼ਦ ਮੈਂਬਰ ਜਸਵੀਰ ਸਿੰਘ ਜੱਸੂ ਸ਼ਾਮਲ ਹੋਏ। ਮਹਿਮਾਨਾਂ ਨੂੰ ਜੀਅ ਆਇਆਂ ਕਹਿੰਦਿਆਂ ਪਰਮਿੰਦਰ ਕਟੌਦੀਆ ਨੇ ਸਕੂਲ ਵਿੱਚ ਚੱਲ ਰਹੇ ਉਸਾਰੀ ਦੇ ਕੰਮਾਂ ਬਾਰੇ ਦੱਸਿਆ। ਕੈਂਪ ਕਮਾਂਡੈਂਟ ਕੁਲਜੀਤ ਪਾਠਕ ਅਤੇ ਲੈਕਚਰਾਰ ਮਨਦੀਪ ਸਿੰਘ ਕਾਲੀਆ ਨੇ ਕੈਂਪ ਦੌਰਾਨ ਕੀਤੇ ਕੰਮਾਂ ਦੀ ਤਫਸੀਲ ਦੱਸੀ। ਵਿਸ਼ੇਸ਼ ਮਹਿਮਾਨ ਦਰਸ਼ਨ ਸਿੰਘ ਬਰੇਟਾ ਨੇ ਨੌਜਵਾਨਾਂ ਨੂੰ ਖੁੱਦ ਅੰਦਰ ਝਾਤੀ ਮਾਰਦਿਆਂ ਅਤੇ ਸਮਾਜ ਨੂੰ ਜਾਣਦਿਆਂ ਜ਼ਿੰਦਗੀ ਦੀ ਵਿਸ਼ਾਲਤਾ ਲਈ ਵੱਡੇ ਸੁਫਨੇ ਸਜਾਉਣ ਲਈ ਮਾਈਂਡ ਸੈੱਟ ਕਰਨ ਦੀਆਂ ਤਰਕੀਬਾਂ ਦੱਸੀਆਂ। ਵਲੰਟੀਅਰਾਂ ਦੇ ਸੱਤ ਦਿਨਾਂ ਦੌਰਾਨ ਕੀਤੇ ਪ੍ਰੋਜੈਕਟ ਵਰਕ ਅਤੇ ਕਮੇਟੀਆਂ ਦੀ ਕਾਰਗੁਜਾਰੀ ਦੇ ਕੰਮਾਂ ਦੀ ਪ੍ਰਸ਼ੰਸਾ ਕੀਤੀ।ਕੈਂਪਰਾਂ ਨੂੰ ਜ਼ਿੰਮੇਵਾਰ ਨਾਗਰਿਕ ਵਜੋ ਕਾਰਜ ਕਰਦਿਆਂ ਸੋਹਣੇ ਸਮਾਜ ਦੀ ਸਿਰਜਣਾਂ 'ਚ ਹਿੱਸਾ ਪਾਉਣ ਦਾ ਸੱਦਾ ਦਿੱਤਾ। ਸੁਖਚੈਨ ਕੋਰ ਅਤੇ ਸਿਮਰਨ ਕੌਰ ਵਲੰਟੀਅਰਾਂ ਨੇ ਕੈਂਪ ਰਿਪੋਰਟ 'ਚ ਦੱਸਿਆ ਕਿ ਸਿਵਲ ਹਸਪਤਾਲ, ਸੇਵਾ ਕੇਂਦਰ, ਪਸ਼ੂ ਹਸਪਤਾਲ, ਜਨਤੱਕ ਪਾਰਕ ਆਦਿ ਥਾਵਾਂ ਦੀ ਸਫਾਈ ਕੀਤੀ ਗਈ। ਲੈਕਚਰ ਸ਼ੈਸਨਾਂ ਦੌਰਾਨ ਡਾ ਭਵਾਨੀ ਸ਼ੰਕਰ, ਨਿਰਮਲ ਬਰੇਟਾ, ਮਾਸ਼ਟਰ ਗੋਪਾਲ ਚੰਦ ਕੁਲਰੀਆਂ, ਸੁਖਵਿੰਦਰ ਚਿਤਰਕਾਰ, ਡਾ ਕਰਨੈਲ ਵੈਰਾਗੀ, ਹਰਵਿੰਦਰ ਭਖੜਿਆਲ, ਸਾਹਿਤਕਾਰ ਜਗਦੀਸ ਕੁਲਰੀਆਂ ਆਦਿ ਵਿਦਵਾਨਾਂ ਨੇ ਵਲੰਟੀਅਰਾਂ ਨਾਲ ਵੱਖ ਵੱਖ ਵਿਸ਼ਿਆਂ ਨੂੰ ਲੈ ਕੇ ਸੰਵਾਦ ਰਚਾਇਆ। ਵੱਖ ਵੱਖ ਕਮੇਟੀਆਂ ਦੇ ਕੰਮਾਂ ਦਾ ਵਿਸ਼ਲੇਸ਼ਨ ਕਰਦਿਆਂ ਵਲੰਟੀਅਰ ਪ੍ਰੀਤ ਕੌਰ, ਸਿਮਰ ਕੌਰ, ਭਾਵਨਾ, ਰਿਤੂ ਕੌਰ, ਅਮਨਦੀਪ ਕੌਰ, ਅਨਮੋਲ ਸਿੰਘ, ਜਸ਼ਨ ਸਿੰਘ , ਲਵਪ੍ਰੀਤ ਸ਼ਰਮਾ ਅਤੇ ਜਸਵੰਤ ਸਿੰਘ ਬੈਸਟ ਵਲੰਟੀਅਰ ਚੁਣੇ ਗਏ। ਅੰਮ੍ਰਿਤਪਾਲ ਸਿੰਘ ਨੂੰ ਵਿਸ਼ੇਸ਼ ਵਲੰਟੀਅਰ ਵਜੋਂ ਸਨਮਾਨ ਕੀਤਾ ਗਿਆ। ਜਿਲਾ ਪ੍ਰੀਸ਼ਦ ਮੈਂਬਰ ਜਸਵੀਰ ਸਿੰਘ, ਅਧਿਆਪਕ ਪਰਗਟ ਸਿੰਘ, ਦੇਸਰਾਜ ਸਿੰਘ, ਨਿਰਭੈ ਸਿੰਘ, ਜਗਦੀਪ ਸਿੰਘ, ਦਰਸ਼ਨ ਸਿੰਘ , ਅਮਰੀਕ ਸਿੰਘ, ਬਾਬੂ ਟੀਨੂ ਗਰਗ, ਚੇਅਰਮੈਨ ਮੁਕੇਸ਼ ਸ਼ਰਮਾਂ, ਮੈਡਮ ਮਨਪ੍ਰੀਤ ਕੌਰ, ਨੇਹਾ ਰਾਣੀ ਆਦਿ ਨੇ ਵੀ ਸੰਬੋਧਨ ਕੀਤਾ। ਵਲੰਟੀਅਰਾਂ ਨੂੰ ਥਾਪੜਾ ਦੇਣ ਵਾਲਿਆਂ ਵਿੱਚ ਪੰਚਾਇਤ ਮੈਂਬਰ ਲੀਲਾ ਸਿੰਘ, ਮੇਜਰ ਸਿੰਘ , ਸ਼ਿੰਦਰ ਦੇਵੀ , ਬਲਾਕ ਸੰਮਤੀ ਮੈਂਬਰ ਮਿੱਠੂ ਸਿੰਘ , ਏ.ਐਸ.ਆਈ ਪਾਲ ਸਿੰਘ ਅਧਿਆਪਕ ਵਿਨੇ ਕੁਮਾਰ, ਮੈਡਮ ਮੀਨਾ, ਸਰੋਜ ਰਾਣੀ, ਚਰਨਜੀਤ ਕੋਰ, ਕਮੇਟੀ ਮੈਂਬਰ ਜਸਵੀਰ ਸਿੰਘ ਖਾਲਸਾ, ਗੁਰਮੇਲ ਸਿੰਘ, ਮੱਘਰ ਸਿੰਘ, ਸ਼੍ਰੀਮਤੀ ਆਰਤੀ, ਬਿੰਦਰ ਕੌਰ ਆਦਿ ਨੇ ਹਾਜਰੀ ਲਗਵਾਈ। ਸਾਰੇ ਵਲੰਟੀਅਰਾਂ ਅਤੇ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਕਲਾ ਅਧਿਆਪਕ ਲੀਲਾ ਰਾਮ ਸ਼ਰਮਾਂ ਕੁਲਰੀਆਂ ਨੇ ਆਏ ਹੋਏ ਮਹਿਮਾਨਾ ਦਾ ਧੰਨਬਾਦ ਕੀਤਾ।

# ਅਲੌਹਰਾਂ ਕਲਾਂ ਦੇ ਸਰਪੰਚ ਬਹਾਦਰ ਸਿੰਘ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ ਗਈ।

"Equality and justice"
Patiala 11 January
INTERNATIONAL PAPER, 94636 01616
hardipchumber57@gmail.com



ਨਾਭਾ 11 ਜਨਵਰੀ (ਬੇਅੰਤ ਸਿੰਘ ਰੋਹਟੀ ਖਾਸ) ਅੱਜ ਪੰਜਾਬ ਦਾ ਹਰ ਵਿਅਕਤੀ ਪੰਜਾਬ ਸਰਕਾਰ ਦੀ ਤਰਫੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਰਿਹਾ ਹੈ ਅਤੇ ਇਸ ਖਤਮ ਕਰਨ ਲਈ ਯਤਨਸ਼ੀਲ ਹੈ ਅਤੇ ਪ੍ਰਸ਼ਾਸਨ ਪੁਲਿਸ ਦਾ ਸਹਿਯੋਗ ਕਰ ਰਿਹਾ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਵੀ ਆਪਣੇ ਤਰੀਕੇ ਨਾਲ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਸਬੰਧੀ ਪਿੰਡ ਅਲੌਹਰਾਂ ਕਲਾਂ ਦੇ ਸਰਪੰਚ ਬਹਾਦਰ ਸਿੰਘ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਰੈਲੀ ਕੱਢੀ ਗਈ। ਇਸ ਮੌਕੇ ਸਰਪੰਚ ਬਹਾਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਮੁਹਿੰਮ ਚਲਾਈ ਗਈ ਹੈ। ਇਹ ਮੁਹਿੰਮ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਵਿੱਚ ਕਾਫੀ ਹੱਦ ਤੱਕ ਸਹਾਈ ਸਿੱਧ ਹੋ ਰਹੀ ਹੈ ਅਤੇ ਇਸ ਨਸ਼ੇ ਦੀ ਬੁਰਾਈ ਨੂੰ ਰੋਕਣ ਲਈ ਵੀ ਅਸੀ ਆਪਣੇ ਪੱਧਰ 'ਤੇ ਵੀ ਯਤਨ ਕਰ ਰਹੇ ਹਾਂ ਤਾਕੀ ਇਸ ਕੋਡ ਨੂੰ ਸਮਾਜ ਵਿੱਚੋਂ ਪੂਰੀ ਤਰਹ ਖਤਮ ਕੀਤਾ ਜਾਵੇ ।ਇਸ ਮੌਕੇ ਗੁਰਪ੍ਰੀਤ ਸਿੰਘ ਜੋਗਾ, ਗੁਰਬੀਰ ਮੈਂਬਰ, ਮਨੀ ਮੈਂਬਰ, ਗੁਰਜੰਟ ਸਿੰਘ ਮੈਂਬਰ, ਨਿਰਭੈ ਸਿੰਘ ਮੈਂਬਰ, ਗੁਰਪ੍ਰੀਤ ਸਿੰਘ ਸਕੱਤਰ, ਸੁਰਿੰਦਰ ਪਾਲ, ਸਵਰਨ ਸਿੰਘ, ਲਸ਼ਮਣ, ਪੰਡਿਤ ਟੋਨੀ, ਜੈਬ ਸਿੰਘ ਆਦਿ ਹਾਜ਼ਰ ਸਨ।

# ਮੁੱਖ ਮਹਿਮਾਨ ਡਾ. ਰੀਤੂ ਸਿੰਘ ਤੇ ਡਾ. ਤੀਰਥ ਬਾਲਾ ਅਤੇ ਸੰਸਥਾ ਦੇ ਮੈਂਬਰ ਸਹਿਬਾਨ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ

"Equality and justice"
Patiala 11 January
INTERNATIONAL PAPER, 94636 01616
hardipchumber57@gmail.com



ਪ੍ਰੈਸ ਬਿਆਨ ਜਾਰੀ ਕਰਦਿਆ ਡਾਕਟਰ ਤੀਰਥ ਬਾਲਾ ਅਤੇ ਇੰਜ ਹਰਜਿੰਦਰ ਸਿੰਘ ਖੰਨਾ ਨੇ ਸਾਂਝੇ ਰੂਪ ਵਿੱਚ ਦੱਸਿਆ ਕਿ ਡਾਕਟਰ ਭੀਮ ਰਾਓ ਅੰਬੇਡਕਰ ਭਵਨ ਮਾਜਰੀ ਕਿਸਨੇ ਵਾਲੀ (ਅਮਲੋਹ) ਵਿਖੇ ਡਾਕਟਰ ਭੀਮ ਰਾਓ ਅੰਬੇਦਕਰ ਵੈਲਫੇਅਰ ਸੋਸਾਇਟੀ ਰਜਿ. ਅਮਲੋਹ ਵੱਲੋਂ ਪ੍ਰਧਾਨ ਜਰਨੈਲ ਸਿੰਘ ਅਕਾਲਗੜ੍ਹ ਅਤੇ ਸਕੱਤਰ ਡਾ. ਤੀਰਥ ਬਾਲਾ ਜੀ ਦੀ ਅਗਵਾਈ ਹੇਠ ਮਾਤਾ ਸਵਿੱਤਰੀ ਬਾਈ ਫੂਲੇ ਜੀ ਦੇ ਜਨਮ ਦਿਨ ਨੂੰ ਸਮਰਪਿਤ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਜੀ ਦੀ ਜੀਵਨੀ ਦੇ ਅਧਾਰਤ ਦੋ ਵਰਗਾਂ ਵਿੱਚ ਇਨਾਮੀ ਪ੍ਰਤੀਯੋਗਤਾ ਕਰਵਾਈ ਗਈ, ਸੰਸਥਾ ਦੀ ਸਕੱਤਰ ਡਾ. ਤੀਰਥ ਬਾਲਾ ਵੱਲੋਂ ਆਏ ਵਿਦਿਆਰਥੀਆਂ ਅਤੇ ਮਹਿਮਾਨਾਂ ਨੂੰ ਜੀ ਆਇਆ ਆਖਿਆ ਗਿਆ, ਇਸ ਮੌਕੇ ਦਿੱਲੀ ਤੋਂ ਆਏ ਡਾ. ਰਿਤੂ ਸਿੰਘ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ,ਉਹਨਾਂ ਵੱਲੋਂ ਬਾਬਾ ਸਾਹਿਬ ਜੀ ਦੇ ਜੀਵਨੀ ਦੇ ਉੱਤੇ ਵਿਸਥਾਰਪੂਰਵਕ ਚਰਚਾ ਵੀ ਕੀਤੀ ਗਈ, ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਦੋਨੋਂ ਵਰਗਾਂ ਵਿੱਚ ਪੰਜਾਬ ਦੇ ਵੱਖ-ਵੱਖ ਜਿਲਿਆਂ ਵਿੱਚੋਂ 453 ਵਿਦਿਆਰਥੀਆਂ ਨੇ ਭਾਗ ਲਿਆ, ਇਸ ਇਨਾਮੀ ਪ੍ਰਤੀਯੋਗਿਤਾ ਵਿੱਚ ਇਲਾਕੇ ਦੇ ਬੱਚਿਆਂ ਵਿੱਚ ਵੀ ਭਾਰੀ ਉਤਸਾਹ ਦੇਖਣ ਨੂੰ ਮਿਲਿਆ।ਬੁਲਾਰੇ ਸਾਥੀਆਂ ਨੇ ਇਹੋ ਜਿਹੇ ਸਮਾਗਮ ਕਰਵਾਉਣ ਦਾ ਸੰਦੇਸ਼ ਦਿੱਤਾ ਤਾਂ ਜੋ ਸਮਾਜ ਅਤੇ ਬੱਚਿਆ ਨੂੰ ਇਤਿਹਾਸਕ ਪੱਖ ਤੋਂ ਚੰਗੀ ਸੇਧ ਮਿਲ ਸਕੇ।ਇਸ ਮੌਕੇ ਬੱਚਿਆਂ ਦੇ ਭਾਸ਼ਣ ਅਤੇ ਕਵਿਤਾ ਮੁਕਾਬਲੇ ਵੀ ਕਰਵਾਏ ਗਏ ਜਿਨਾਂ ਨੂੰ ਕੈਸ਼ ਪ੍ਰਾਈਜ਼ ਦੇ ਕੇ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਇਸ ਇਨਾਮੀ ਪ੍ਰਤੀਯੋਗਤਾ ਵਿੱਚ ਪਹਿਲੇ ਵਰਗ ਵਿੱਚੋਂ ਗੁਰਸ਼ਾਨਜੋਤ ਸਿੰਘ ਅਮਲੋਹ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 3100 ਰੁ.ਦੀ ਰਾਸ਼ੀ ਪ੍ਰਾਪਤ ਕੀਤੀ, ਸੁਮਨਪ੍ਰੀਤ ਕੌਰ ਮੰਡਿਆਲਾ (ਲੁਧਿਆਣਾ )ਨੇ ਦੂਜਾ ਸਥਾਨ ਪ੍ਰਾਪਤ ਕਰਕੇ 2100 ਰੁਪਏ ਦੀ ਰਾਸ਼ੀ ਪ੍ਰਾਪਤ ਕੀਤੀ,ਨਵਕਰਨ ਸਿੰਘ ਪਿੰਡ ਭੱਦਲਥੂਹਾ ਨੇ ਤੀਜਾ ਸਥਾਨ ਪ੍ਰਾਪਤ ਕਰਕੇ 1100 ਰੁ. ਦੀ ਨਗਦ ਰਾਸ਼ੀ ਪ੍ਰਾਪਤ ਕੀਤੀ, ਇਸੇ ਤਰ੍ਹਾਂ ਦੂਜੇ ਵਰਗ ਵਿੱਚੋਂ ਗੁਰਿੰਦਰ ਸਿੰਘ ਉੱਚੀ ਰੁੜਕੀ ਨੇ ਪਹਿਲਾਂ ਸਥਾਨ ਪ੍ਰਾਪਤ ਕਰਕੇ 5100 ਰੁਪਏ ਦੀ ਨਗਦ ਰਾਸ਼ੀ ਪ੍ਰਾਪਤ ਕੀਤੀ, ਕਾਜਲ ਦੇਵੀ ਸ਼ੇਰਗੜ੍ਹ (ਪਾਤੜਾ) ਨੇ ਦੂਜਾ ਸਥਾਨ ਪ੍ਰਾਪਤ ਕਰਕੇ 3100 ਰੁਪਏ ਦੀ ਨਗਦ ਰਾਸ਼ੀ ਪ੍ਰਾਪਤ ਕੀਤੀ, ਦਿਲੀਸਾ ਗੁਪਤਾ ਧੂਰੀ ਵੱਲੋਂ ਤੀਜਾ ਸਥਾਨ ਪ੍ਰਾਪਤ ਕਰਕੇ 2100 ਰੁ.ਦੀ ਨਗਦ ਰਾਸ਼ੀ ਪ੍ਰਾਪਤ ਕੀਤੀ, ਇਸ ਤੋਂ ਇਲਾਵਾ ਦੋਨੋ ਵਰਗਾਂ ਵਿੱਚੋਂ ਪਹਿਲੇ 20 ਸਥਾਨਾਂ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਕੈਸ਼ ਪ੍ਰਾਈਜ਼ ਅਤੇ ਸਨਮਾਨ ਚਿੰਨ੍ਹ ਦੇ ਸਨਮਾਨਿਤ ਕੀਤਾ, ਭਾਸ਼ਣ ਮੁਕਾਬਲਿਆਂ ਵਿੱਚ ਮਨਮੀਤ ਕੌਰ ਨੇ ਪਹਿਲੀ ਪੁਜੀਸ਼ਨ ਹਾਸਲ ਕੀਤੀ, ਇਸਮੀਤ ਕੌਰ ਨੇ ਦੂਜੀ ਪੁਜੀਸ਼ਨ ਹਾਸਿਲ ਕੀਤੀ, ਸੁਮਨਪ੍ਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ, ਕਵਿਤਾ ਉਚਾਰਨ ਮੁਕਾਬਲਿਆਂ ਵਿੱਚ ਗੁਰਸ਼ਾਨਜੋਤ ਸਿੰਘ ਅਮਲੋਹ ਨੇ ਪਹਿਲਾਂ ਸਥਾਨ ਹਾਸਿਲ ਕੀਤਾ, ਹਰਸੀਰਤ ਕੌਰ ਨੇ ਦੂਸਰਾ ਸਥਾਨ ਹਾਸਿਲ ਕੀਤਾ, ਏਕਮਜੋਤ ਕੌਰ ਅਮਲੋਹ ਨੇ ਤੀਸਰਾ ਸਥਾਨ ਹਾਸਿਲ ਕੀਤਾ, ਇਸ ਤੋਂ ਇਲਾਵਾ ਬਹੁਤ ਸਾਰੇ ਬੱਚਿਆਂ ਨੇ ਸਪੈਸ਼ਲ ਪ੍ਰਾਈਜ ਵੀ ਪ੍ਰਾਪਤ ਕੀਤੇ, ਇਸ ਮੌਕੇ ਸੰਸਥਾ ਦੇ ਸਰਪ੍ਰਸਤ ਡਾ. ਗੁਰਸ਼ਰਨ ਸਿੰਘ,ਡਾ. ਅਰਜਨ ਸਿੰਘ ਲੈਕ. ਮੱਘਰ ਸਿੰਘ ਸਲਾਣਾ, ਜੀ ਐਮ ਸ਼ਿੰਗਾਰਾ ਸਿੰਘ ਮਾਜਰੀ, ਲੈਕ. ਅਵਤਾਰ ਸਿੰਘ ਭਾਂਬਰੀ ਲੈਕ. ਰਜਿੰਦਰ ਸਿੰਘ ਲੱਲੋ, ਲੈਕ.ਗੁਰਪ੍ਰੀਤ ਸਿੰਘ ਵੜੈਚਾ, ਜਰਮਨ ਤੋਂ ਆਏ ਸ਼੍ਰੀ ਸੋਹਨ ਲਾਲ ਜੀ ਸਾਂਪਲਾ ਜੀ, ਬਲਜੀਤ ਸਿੰਘ ਸਲਾਣਾ, ਰਣਜੀਤ ਸਿੰਘ ਕੋਟਲੀ,ਜਗਦੇਵ ਸਿੰਘ ਲੱਖਾ ਸਿੰਘ ਵਾਲਾ, ਮੈਡਮ ਪਰਮਜੀਤ ਕੌਰ,ਮਾ. ਸਤਵੀਰ ਸਿੰਘ ਅਮਲੋਹ, ਮਾ.ਦਰਸ਼ਨ ਸਿੰਘ ਸਾਲਾਣੀ, ਜੱਗੀ ਰੁੜਕੀ,ਮੈਡਮ ਬਲਵੀਰ ਕੌਰ ਖਟੜਾ,,ਮਲਕੀਤ ਸਿੰਘ ਰੁੜਕੀ, ਲੈਕ. ਬਲਵੀਰ ਸਿੰਘ ਮੁੱਲਾਪੁਰੀ ਪ੍ਰੋ. ਗੁਰਪ੍ਰੀਤ ਕੌਰ, ਮੈਡਮ ਹਰਸ਼ਰਨ ਕੌਰ, ਮੈਡਮ ਗੁਰਮੀਤ ਕੌਰ, ਐਸਡੀਓ ਦਵਿੰਦਰ ਸਿੰਘ ਅਕਾਲਗੜ੍ਹ, ਐਡਵੋਕੇਟ ਯਾਦਵਿੰਦਰ ਪਾਲ ਸਿੰਘ ਅਮਲੋਹ, ਰਿਟਾ. ਸੀਡੀਪੀਓ ਸਤੀਸ਼ ਕੁਮਾਰ ਜੀ ਅਮਲੋਹ, ਐਡਵੋਕੇਟ ਕੋਮਲਪ੍ਰੀਤ ਕੌਰ ਨੂਰਪੁਰਾ, ਮਾ. ਗੁਰਚਰਨ ਸਿੰਘ ਅਕਾਲਗੜ੍ਹ,ਇੰਜੀ. ਹਰਜਿੰਦਰ ਸਿੰਘ ਖੰਨਾ ਪ੍ਰਿੰਸੀਪਲ ਰਣਵੀਰ ਸਿੰਘ ਖੰਨਾ,ਰਿਟਾ. ਮੈਨੇਜਰ ਰਜਿੰਦਰ ਸਿੰਘ ਖੰਨਾ, ਗੁਰਮੀਤ ਸਿੰਘ ਫੌਜੀ ਖੰਨਾ, ਜਸਪਾਲ ਸਿੰਘ ਮਾਜਰੀ, ਭਗਵਾਨ ਦਾਸ ਜੀ ਮਾਜਰੀ, ਮਾ. ਅਮਰੀਕ ਸਿੰਘ ਅਮਲੋਹ ਸਟੇਟ ਅਵਾਰਡੀ,ਪ੍ਰੀਤ ਕਾਂਸੀ, ਲੈਕ. ਸਤਿੰਦਰ ਸਿੰਘ ਖੰਨਾ, ਗੁਰਮੀਤ ਸਿੰਘ ਤੂਰਾਂ, ਹੰਸਰਾਜ ਮਾਹੀ ਅਮਲੋਹ, ਮਾ.ਰਵਿੰਦਰ ਸਿੰਘ ਜੀ ਮੈਡਮ ਸਿੰਦਰਪਾਲ ਕੌਰ ਭਾਂਬਰੀ, ਮੈਡਮ ਅਮਨਦੀਪ ਕੌਰ ਗ੍ਰੀਸ, ਡਾ. ਮੁਖਤਿਆਰ ਸਿੰਘ ਅਕਾਲਗੜ੍ਹ ਵੱਲੋਂ ਆਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ, ਸਟੇਜ ਸਕੱਤਰ ਦੀ ਭੂਮਿਕਾ ਸਟੇਟ ਅਵਾਰਡੀ ਅਧਿਆਪਕ ਅਮਰੀਕ ਸਿੰਘ ਅਮਲੋਹ ਵੱਲੋਂ ਬਾਖੂਬੀ ਨਿਭਾਈ ਗਈ, ਇਸ ਮੌਕੇ ਬੱਚਿਆਂ ਤੇ ਪਤਵੰਤਿਆਂ ਲਈ ਚਾਹ ਪਾਣੀ ਅਤੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ,ਇਸ ਮੌਕੇ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਤਾ ਪਿਤਾ ਸਾਹਿਬਾਨ ਹਾਜ਼ਰ ਸਨ।

# ਸਿਹਤ ਵਿਭਾਗ ਦੇ ਮਲਟੀਪਰਪਜ਼ ਹੈਲਥ ਇੰਪਲਾਈਜ਼ ਮੇਲ-ਫੀਮੇਲ ਯੂਨੀਅਨ ਜ਼ਿਲ੍ਹਾ ਮਾਨਸਾ ਦੀ ਹੋਈ ਚੋਣ

"Equality and justice"
Patiala 11 January
INTERNATIONAL PAPER, 94636 01616
hardipchumber57@gmail.com



ਧਰਮਗੜ੍ਹ, 11 ਜਨਵਰੀ (ਜਗਸੀਰ ਸਿੰਘ ):- ਸਿਹਤ ਵਿਭਾਗ ਦੇ ਮੁਲਾਜ਼ਮਾਂ ਦੀ ਪ੍ਰਮੁੱਖ ਜਥੇਬੰਦੀ ਮਲਟੀਪਰਪਜ ਹੈਲਥ ਇੰਪਲਾਈਜ ਮੇਲ-ਫੀਮੇਲ ਯੂਨੀਅਨ ਜ਼ਿਲ੍ਹਾ ਮਾਨਸਾ ਦੀ ਚੋਣ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ। ਇਸ ਚੋਣ ਵਿੱਚ ਮਾਨਸਾ ਜ਼ਿਲ੍ਹੇ ਦੇ ਤਿੰਨੇਂ ਬਲਾਕ ਬੁਢਲਾਡਾ, ਖਿਆਲਾ, ਸਰਦੂਲਗੜ੍ਹ ਤੇ ਐਮ ਪੀ ਡਬਲਯੂ ਮੇਲ-ਫੀਮੇਲ ਅਤੇ ਹੈਲਥ ਸੁਪਰਵਾਈਜ਼ਰ ਮੇਲ ਫੀਮੇਲ ਸਾਮਲ ਹੋਏ। ਇਸ ਚੋਣ ਵਿੱਚ ਸੁਬਾਈ ਡੈਲੀਗੇਟ ਤੌਰ ਤੇ ਸੁਬਾਈ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਰਣਦੀਪ ਸਿੰਘ ਫਤਿਹਗੜ੍ਹ, ਅਵਤਾਰ ਸਿੰਘ ਗੰਢੂਆ,ਦਲਜੀਤ ਸਿੰਘ ਢਿੱਲੋਂ,ਕੁਲਵਿੰਦਰ ਸਿੰਘ ਸਿੱਧੂ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਮੌਕੇ ਸੁਬਾਈ ਆਗੂਆਂ ਨੇ ਜਥੇਬੰਦੀ ਦੇ ਇਤਿਹਾਸ ਅਤੇ ਪ੍ਰਾਪਤੀਆਂ ਬਾਰੇ ਵਿਸ਼ੇਸ਼ ਤੌਰ ਤੇ ਦੱਸਦੇ ਹੋਏ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਲਈ ਇਕਜੁੱਟਤਾ ਨਾਲ ਲੜਨ ਲਈ ਜਾਗਰੂਕ ਕੀਤਾ ਅਤੇ ਪਿਛਲੇਂ ਸਮੇਂ ਤੋ ਲਟਕਦੀਆਂ ਮੰਗਾਂ ਦੇ ਹੱਲ ਲਈ ਭਵਿੱਖੀ ਸੰਘਰਸ਼ਾਂ ਸਬੰਧੀ ਚਰਚਾ ਕੀਤੀ ਇਸ ਮੋਕੇ ਜਿਲੇ ਦੀ ਜਥੇਬੰਦੀ ਸਰਵਸੰਮਤੀ ਨਾਲ ਹੱਥ ਖੜੇ ਕਰ ਕਿ ਸਹਿਮਤੀ ਉਪਰੰਤ ਬਣਾਉਣ ਦਾਐਲਾਨ ਕੀਤਾ ਗਿਆ ਜਿਸ ਵਿੱਚ ਸਰਵਸੰਮਤੀ ਜਿਲਾ ਪ੍ਰਧਾਨ ਦੇ ਤੋਰ ਤੇ ਮਲਕੀਤ ਸਿੰਘ ਖਿਆਲਾ , ਜਰਨਲ ਸਕੱਤਰ ਹਰਪ੍ਰੀਤ ਸਿੰਘ ਬੱਪੀਆਣਾ , ਰਾਜਵੀਰ ਕੌਰ ਬਰਨਾਲਾ, ਜਥੇਬੰਦਕ ਸਕੱਤਰ ਸੰਜੀਵ ਕੁਮਾਰ ਸ਼ਰਮਾ ,ਸੀਨੀਅਰ ਮੀਤ ਪ੍ਰਧਾਨ, ਅਮਨਦੀਪ ਸਿੰਘ ਘੁਦੂਵਾਲ, ਚਰਨਜੀਤ ਕੌਰ ਅਲੀਸ਼ੇਰ ,ਚਰਨਜੀਤ ਕੌਰ ਮੰਦਰਾਂ, ਮੀਤ ਪ੍ਰਧਾਨ ਅਮਰਜੀਤ ਸਿੰਘ, ਬਲਜੀਤ ਸਿੰਘ ਚਹਿਲ, ਯਾਦਵਿੰਦਰ ਜਸਕਰਨ ਸਿੰਘ, ਰਾਜਵਿੰਦਰ ਸਿੰਘ ਭੁਪਾਲ, ਕਿਰਨਜੀਤ ਕੌਰ ਮੂਸਾ, ਸੀਮਾ ਰਾਣੀ, ਸਿਮਰਜੀਤ ਕੌਰ ਮਾਨਸਾ , ਸਕੱਤਰ ਜਗਦੀਸ਼ ਰਾਏ ਕੁਲਰੀਆਂ, ਚਾਨਣਦੀਪ ਸਿੰਘ ਖਜਾਨਚੀ ਸੁਖਵੀਰ ਸਿੰਘ ਜੋਗਾ , ਸਰਬਜੀਤ ਸਿੰਘ ਸਲਾਹਕਾਰ ਜਗਦੀਸ਼ ਸਿੰਘ ਪੱਖੋ,, ਭੁਪਿੰਦਰ ਕੁਮਾਰ ਬੋਹਾ, ਨਿਰਮਲ ਸਿੰਘ ਰੱਲਾ , ਨਵਦੀਪ ਕਾਠ ਅਤੇ ਹੋਰ ਕਾਰਜਕਾਰਨੀ ਦੀ ਚੋਣ ਕੀਤੀ ਗਈ ਇਸ ਮੌਕੇ ਨਵੀਂ ਚੁਣੀ ਗਈ ਯੂਨੀਅਨ ਟੀਮ ਨੇ ਕਿਹਾ ਕਿ ਉਹ ਮੁਲਾਜਮਾ ਦੀਆ ਮੰਗਾ ਤੇ ਮੁਸਕਲਾ ਦੇ ਹੱਲ ਲਈ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ ਅਤੇ ਮਲਟੀਪਰਪਜ਼ ਹੈਲਥ ਕਰਮਚਾਰੀਆਂ ਦੀਆਂ ਲੰਬੇ ਸਮੇਂ ਤੋਂ ਲਟਕੀਆਂ ਮੰਗਾਂ ਨੂੰ ਸਰਕਾਰ ਅਤੇ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਤੋ ਹੱਲ ਕਰਵਾਇਆ ਜਾਵੇਗਾ ਚੋਣ ਤੋਂ ਬਾਅਦ ਸੁਬਾਈ ਆਗੂਆ ਨੇ ਨਵੀਂ ਟੀਮ ਨੂੰ ਵਧਾਈਆਂ ਦਿੱਤੀਆ ਇਸ ਮੋਕੇ ਹੋਰ ਆਗੂ. ਰਵਿੰਦਰ ਕੁਮਾਰ, ਕੁਲਵਿੰਦਰ ਕੌਰ , ਸਿਮਰਨਜੀਤ ਸਿੰਘ, ਕੁਲਵਿੰਦਰ ਸਿੰਘ, ਹਰਜੀਤ ਕੌਰ, ਰਾਜਪਾਲ ਕੌਰ, ਨਵਦੀਪ ਕੌਰ ਆਦਿ ਹਾਜ਼ਰ ਸਨ।

# ਕਈ ਜਗ੍ਹਾ ਤਾ ਨਸ਼ਿਆਂ ਕਰਕੇ ਮਾਂ ਪਿਓ ਦੀ ਅਰਥੀ ਨੂੰ ਮੋਢਾ ਦੇਣ ਲਈ ਪੁੱਤ ਤੱਕ ਨਹੀਂ ਬਚੇ : ਬਲਜਿੰਦਰ ਸਿੰਘ ਖਾਲਸਾ

“Equality and justice”
Patiala 11 January
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 11 ਜਨਵਰੀ ( ਤਰਸੇਮ ਦੀਵਾਨਾ ) - ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਅੱਜ ਪੰਜਾਬ ਕਿਸ ਦੌਰ ਵਿੱਚੋਂ ਲੰਘ ਰਿਹਾ ਹੈ। ਸੁੰਨੀਆਂ ਥਾਵਾਂ ਤੇ ਨਸਾਂ ਵਿੱਚ ਲੱਗੀਆਂ ਹੋਈਆਂ ਸਰਿੰਜਾਂ ਮ੍ਰਿਤਕਾ ਦੀਆ ਬਾਂਹਾ ਵਿੱਚ ਲੱਗੀਆ ਦੇਖੀਆਂ ਜਾਂਦੀਆਂ ਹਨ। ਛੋਟੀ ਉਮਰ ਦੇ ਨੌਜਵਾਨ ਹੀ ਨਸ਼ੇ ਦਾ ਸ਼ਿਕਾਰ ਹੋ ਰਹੇ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਆਯੂਰ ਜੀਵਨ ਆਯੂਰਵੈਦਿਕ ਰਿਸਰਚ ਸੈਂਟਰ ਦੇ ਐਮ ਡੀ ਅਤੇ ਦਲ ਖਾਲਸਾ ਦੇ ਜਿਲ੍ਹਾ ਹੁਸ਼ਿਆਰਪੁਰ ਦੇ ਜਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਖਾਲਸਾ ਨੇ ਕੁਝ ਚੌਣਵੇਂ ਪੱਤਰਕਾਰਾਂ ਨਾਲ ਇੱਕ ਮੁਲਾਕਾਤ ਦੌਰਾਨ ਕੀਤਾ ਉਹਨਾ ਕਿਹਾ ਕਿ ਚੋਰੀ ਦੀਆਂ ਵਾਰਦਾਤਾਂ ਵਿੱਚ ਵਾਧਾ ਹੋ ਰਿਹਾ ਹੈ ਗਟਰਾਂ ਦੇ ਉੱਪਰ ਰੱਖੇ ਹੋਏ ਲੋਹੇ ਦੇ ਢੱਕਣ, ਕਿਤੇ ਟੂਟੀ ਲੱਗੀ ਹੋਈ, ਜਾਂ ਕਿੱਤੇ ਸਿਲੰਡਰਾਂ ਦੀ ਖੜ੍ਹੀ ਗੱਡੀ ਵਿੱਚੋਂ ਸਿਲੰਡਰ ਚੋਰੀ ਕਰਕੇ ਵੇਚਕੇ ਨਸ਼ੇੜੀ ਨਸ਼ਾ ਕਰਦੇ ਦੇਖੇ ਜਾ ਰਹੇ ਹਨ। ਉਹਨਾਂ ਕਿਹਾ ਕਿ ਨੌਜਵਾਨ ਮੁੰਡੇ, ਕੁੜੀਆਂ ਆਪਣੀ ਜਵਾਨੀ ਦਾ ਘਾਣ ਕਰ ਰਹੇ ਹਨ। ਫਿਰਨੀਆਂ, ਖੰਡਰ ਬਿਲਡਿੰਗਾਂ, ਸ਼ਮਸ਼ਾਨ ਘਾਟਾਂ ਵਿੱਚ ਟੀਕੇ ਲਾਉਂਦੇ ਆਮ ਹੀ ਦੇਖੇ ਜਾਂਦੇ ਹਨ । ਉਹਨਾਂ ਕਿਹਾ ਕਿ ਨਸ਼ਾ ਜਵਾਨੀ ਨੂੰ ਘੁਣ ਵਾਂਗੂ ਖਾ ਰਿਹਾ ਹੈ। ਚਿੱਟਾ ਚਾਦਰਾ ਲਾਉਣ ਵਾਲੇ ਨੌਜਵਾਨ, ਹੱਥੀ ਕਿਰਤ ਕਰਨ ਵਾਲੇ ਨਸ਼ੇ ਦੀ ਭੈੜੀ ਦਲਦਲ ਵਿੱਚ ਫਸਦੇ ਜਾ ਰਹੇ ਹਨ।

ਉਹਨਾਂ ਕਿਹਾ ਕਿ ਪਹਿਲਾਂ ਤਾ ਸਿਆਸਤਦਾਨ ਵੱਡੇ ਵੱਡੇ ਦਾਅਵੇ ਕਰਦੇ ਹਨ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਾਂਗੇ ਬਾਅਦ ਵਿੱਚ ਚੁੱਪ ਕਰਕੇ ਬੈਠ ਜਾਂਦੇ ਹਨ । ਉਹਨਾਂ ਕਿਹਾ ਕਿ ਆਖਿਰ ਨਸ਼ਿਆਂ ਨੂੰ ਠੱਲ ਕਿਉਂ ਨਹੀਂ ਪੈ ਰਹੀ ?ਨਸ਼ਿਆਂ ਨਾਲ ਘਰ ਦੇ ਘਰ ਉੱਜੜ ਗਏ ਹਨ । ਉਹਨਾਂ ਕਿਹਾ ਕਿ ਕਈ ਤਾਂ ਅਜਿਹੇ ਪਰਿਵਾਰ ਹਨ ਕਿ ਜਿੱਥੇ ਮਾਂ ਪਿਓ ਦੀ ਅਰਥੀ ਨੂੰ ਮੋਢਾ ਦੇਣ ਲਈ ਪੁੱਤ ਤੱਕ ਨਹੀਂ ਬਚੇ ਹਨ। ਕਈ ਅਜਿਹੇ ਨਸ਼ੇੜੀ ਹਨ ਜਿਨ੍ਹਾਂ ਨੇ ਮਾਂ ਪਿਓ ਨੂੰ ਨਸ਼ੇ ਦੀ ਖਾਤਰ ਮੌਤ ਦੇ ਘਾਟ ਉਤਾਰ ਦਿੱਤਾ ਕਿਉਂਕਿ ਮਾਂ ਪਿਓ ਨੇ ਉਹਨਾਂ ਨੂੰ ਨਸ਼ੇ ਲਈ ਪੈਸੇ ਨਹੀਂ ਦਿੱਤੇ ਸਨ ਅਤੇ ਨਸ਼ਾ ਕਰਨ ਤੋਂ ਉਹਨਾਂ ਨੂੰ ਰੋਕਿਆ ਸੀ । ਉਹਨਾਂ ਕਿਹਾ ਕਿ ਨਸ਼ੇੜੀ ਨੌਜਵਾਨ ਘਰ ਦੀਆਂ ਚੁਗਾਠਾਂ ਰਸੋਈ ਵਿੱਚ ਸਿਲੰਡਰ ਤੱਕ ਨਹੀਂ ਛੱਡਦੇ । ਆਖ਼ਰ ਨੌਜਵਾਨਾਂ ਦਾ ਨਸ਼ਿਆਂ ਵੱਲ ਰੁਝਾਨ ਰੁਕਣ ਦਾ ਨਾਂ ਕਿਉਂ ਨਹੀਂ ਲੈ ਰਿਹਾ। ਉਹਨਾਂ ਕਿਹਾ ਕਿ ਪੁੱਤ ਮਾੜੀ ਸੰਗਤ ਵਿੱਚ ਨਾ ਪੈ ਜਾਏ, ਇਸ ਕਰਕੇ ਮਾਂ- ਬਾਪ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਭੇਜ ਰਹੇ ਹਨ।

# ਧੀਆਂ ਦੀ ਲੋਹੜੀ ਮਨਾਉਣਾ ਸਿਰਫ ਇੱਕ ਤਿਉਹਾਰ ਨਹੀਂ, ਸਗੋਂ ਸਮਾਜਿਕ ਸੋਚ ਵਿੱਚ ਬਦਲਾਅ ਲਿਆਉਣਾ ਇੱਕ ਵੱਡਾ ਕਦਮ ਹੈ : ਡਾ.ਆਸ਼ੀਸ਼ ਸਰੀਨ

“Equality and justice”
Patiala 11 January
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 11 ਜਨਵਰੀ (ਤਰਸੇਮ ਦੀਵਾਨਾ ) - “ਹਿਜ਼ ਐਕਸੀਲੈਂਟ ਇਸਟੀਚਿਉਟ” ਅਤੇ “ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ” ਚੱਗਰਾ ਦੇ ਐਮ ਡੀ ਡਾ. ਆਸ਼ੀਸ਼ ਸਰੀਨ ਨੇ ਪੰਜਾਬ ਦੇ ਹਰ ਵਰਗ ਨੂੰ ਇੱਕ ਮਜਬੂਤ ਅਤੇ ਸਕਾਰਾਤਮਕ ਸੰਦੇਸ਼ ਦਿੰਦਿਆਂ ਕਿਹਾ ਕਿ ਧੀਆਂ ਅਤੇ ਪੁੱਤਰਾਂ ਵਿੱਚ ਕੋਈ ਫਰਕ ਨਹੀਂ ਸਮਝਣਾ ਚਾਹੀਦਾ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਧੀਆਂ ਵੀ ਸਮਾਜ ਦੀ ਤਰੱਕੀ ਵਿੱਚ ਉਨਾ ਹੀ ਯੋਗਦਾਨ ਪਾਉਂਦੀਆਂ ਹਨ ਜਿੰਨਾ ਕਿ ਪੁੱਤਰ। ਇਸ ਲਈ ਧੀਆਂ ਦੀ ਲੋਹੜੀ ਮਨਾਉਣਾ ਸਿਰਫ ਇੱਕ ਤਿਉਹਾਰ ਨਹੀਂ, ਸਗੋਂ ਸਮਾਜਿਕ ਸੋਚ ਵਿੱਚ ਬਦਲਾਅ ਲਿਆਉਣ ਵੱਲ ਇੱਕ ਵੱਡਾ ਕਦਮ ਵੀ ਹੈ। ਉਹਨਾਂ ਕਿਹਾ ਕਿ ਅਕਸਰ ਸਾਡੇ ਸਮਾਜ ਵਿੱਚ ਪੁੱਤਰ ਦੇ ਜਨਮ ‘ਤੇ ਖੁਸੀਆਂ ਮਨਾਈਆਂ ਜਾਂਦੀਆਂ ਹਨ ਪਰ ਧੀ ਦੇ ਜਨਮ ਨੂੰ ਜਿਆਦਾ ਮਾਨ-ਸਨਮਾਨ ਨਹੀਂ ਦਿੱਤਾ ਜਾਂਦਾ ਜਦਕਿ ਇਹ ਸੋਚ ਗਲਤ ਹੈ ਅਤੇ ਇਸਨੂੰ ਬਦਲਣ ਦੀ ਲੋੜ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਧੀਆਂ ਦੀ ਲੋਹੜੀ ਮਨਾਕੇ ਧੀਆਂ ਨੂੰ ਮਾਣ ਅਤੇ ਸਤਿਕਾਰ ਦਿੱਤਾ ਜਾਵੇ, ਤਾਂ ਜੋ ਧੀਆਂ ਨੂੰ ਵੀ ਬਰਾਬਰੀ ਦਾ ਹੱਕ ਅਤੇ ਆਤਮ-ਵਿਸਵਾਸ ਮਿਲ ਸਕੇ। ਅੰਤ ਵਿੱਚ ਉਹਨਾ ਕਿਹਾ ਕਿ ਜੇ ਅਸੀਂ ਸੁਰੱਖਿਅਤ ਤਰੀਕੇ ਨਾਲ



ਤਿਉਹਾਰ ਮਨਾਈਏ, ਧੀਆਂ ਨੂੰ ਬਰਾਬਰੀ ਦਾ ਦਰਜਾ ਦਈਏ ਅਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹੀਏ, ਤਾਂ ਹੀ ਇੱਕ ਸੁੰਦਰ, ਸੁਰੱਖਿਅਤ ਅਤੇ ਵਿਕਸਿਤ ਸਮਾਜ ਦੀ ਰਚਨਾ ਸੰਭਵ ਹੋਵੇਗੀ ਹੈ।

# ਆਪ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋ ਗੁਰੂ ਸਾਹਿਬਾਨਾ ਵਿਰੁੱਧ ਕੀਤੀ ਟਿੱਪਣੀ ਸਿੱਖ ਵਿਰੋਧੀ ਸੋਚ ਨੂੰ ਦਰਸਾਉਂਦੀ ਹੈ : ਮਾ. ਕੁਲਵਿੰਦਰ ਸਿੰਘ ਜੰਡਾ

“Equality and justice”
Patiala 11 January
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 11 ਜਨਵਰੀ (ਤਰਸੇਮ ਦੀਵਾਨਾ ) - ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਦਿੱਲੀ ਵਿਧਾਨ ਸਭਾ ਵਿੱਚ ਸਿੱਖ ਗੁਰੂਆਂ ਬਾਰੇ ਕੀਤੀ ਟਿੱਪਣੀ ਦੀ ਕਰੜੀ ਨਿੰਦਾ ਕਰਦਿਆਂ “ਸਭਿਆਚਾਰ ਸੰਭਾਲ ਸੁਸਾਇਟੀ” ਦੇ ਪ੍ਰਧਾਨ ਮਾਸਟਰ ਕੁਲਵਿੰਦਰ ਸਿੰਘ ਜੰਡਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਾਬਕਾ ਮੁੱਖ ਮੰਤਰੀ ਵੱਲੋਂ ਵਿਧਾਨ ਸਭਾ ਵਿੱਚ ਕੀਤੀ ਗਈ ਸਿੱਖ ਗੁਰੂ ਸਾਹਿਬਾਨਾ ਵਿਰੁੱਧ ਟਿੱਪਣੀ ਆਮ ਆਦਮੀ ਪਾਰਟੀ ਦੀ ਸਿੱਖ ਵਿਰੋਧੀ ਸੋਚ ਨੂੰ ਦਰਸਾਉਂਦੀ ਹੈ। ਉਹਨਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਗੁਰੂ ਸਾਹਿਬਾਨ ਵਿਰੁੱਧ ਕੀਤੀ ਇਤਰਾਜ਼ਯੋਗ ਟਿੱਪਣੀ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਚੁੱਪ ਰਹਿਣਾਂ ਦਰਸਾਉਂਦਾ ਹੈ ਕਿ ਆਮ ਆਦਮੀ ਪਾਰਟੀ ਦੀ ਸੋਚ ਪੂਰੀ ਤਰ੍ਹਾਂ ਸਿੱਖ ਵਿਰੋਧੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸਿੱਖ ਗੁਰੂਆਂ ਵਿਰੋਧੀ ਸੋਚ ਰੱਖਣ ਵਾਲੀ ਆਮ ਆਦਮੀ ਪਾਰਟੀ ਨੂੰ ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਵਿੱਚੋ 2027 ਦੀਆਂ ਵਿਧਾਨ ਸਭਾ ਦੀਆ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀਆਂ ਜਮਾਨਤਾਂ ਜ਼ਬਤ ਕਰਾਕੇ ਇਹਨਾਂ ਨੂੰ ਪੰਜਾਬ ਤੋਂ ਬਾਹਰ ਦਾ ਰਸਤਾ ਵਿਖਾਉਣਗੇ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਇਸ ਆਗੂ ਨੇ ਅਜਿਹਾ ਘਿਨਾਉਣਾ ਕਾਰਜ ਕਿਤੇ ਹੋਰ ਨਹੀਂ ਬਲਕਿ ਦਿੱਲੀ ਵਿਧਾਨ ਸਭਾ ਦੇ ਅੰਦਰ ਹੀ ਕਰ ਦਿੱਤਾ ਹੈ। ਇਸ ਦੀ ਵੀਡੀਓ ਰਿਕਾਡਿੰਗ ਸ਼ੋਸ਼ਲ ਮੀਡੀਆ ਤੇ ਤੇਜੀ ਨਾਲ ਚੱਲ ਰਹੀ ਹੈ ਜਿਸ ਕਾਰਨ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਉਹਨਾਂ ਕਿਹਾ ਕਿ ਆਤਿਸੀ ਮਾਰਲੇਨਾ ਖਿਲਾਫ ਅਪਰਾਧਿਕ ਕਾਰਵਾਈਆਂ ਦੇ ਤਹਿਤ ਕੇਸ ਦਰਜ ਕਰਕੇ ਉਸ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਇਸ ਦੀ ਵਿਧਾਨ ਸਭਾ ਮੈਂਬਰਸ਼ਿਪ ਨੂੰ ਵੀ ਖਾਰਜ਼ ਕੀਤਾ ਜਾਵੇ। ਉਹਨਾਂ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਸ਼ੋਸ਼ਲ ਮੀਡੀਆ ਵਿੱਚ ਲਗਾਤਾਰ ਸਿੱਖ ਗੁਰੂਆ ਅਤੇ ਸਿੱਖ ਸ਼ਖਸ਼ੀਅਤਾ ਸਬੰਧੀ ਅਪਮਾਨਜਨਕ ਵੀਡਿਓ



ਕਲਿੱਪਸ ਚੱਲ ਰਹੇ ਹਨ ਜਿਸ ਰਾਹੀਂ ਮਹਾਨ ਗੁਰੂ ਸਹਿਬਾਨ ਅਤੇ ਸਿੱਖ ਸਖਸ਼ੀਅਤਾਂ ਦਾ ਘੋਰ ਨਿਰਾਦਰ ਕੀਤਾ ਜਾ ਰਿਹਾ ਹੈ । ਇਹ ਵੀਡਿਓ ਕਲਿੱਪਸ ਜਿਥੇ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ, ਉਥੇ ਸਮਾਜ ਵਿੱਚ ਬੇਚੈਨੀ ਅਤੇ ਤਣਾਅ ਵੀ ਪੈਦਾ ਕਰ ਰਹੇ ਹਨ। ਉਹਨਾ ਕਿਹਾ ਕਿ ਬਹੁਤ ਸਾਰੀਆਂ ਵੀਡਿਓ ਕਲਿੰਪਸ ਵਿੱਚ ਸਿੱਖ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜੋ ਕਿ ਘੋਰ -ਅਪਮਾਨਜਨਕ ਅਤੇ ਸ਼ਰਮਨਾਕ ਕਾਰਾ ਹੈ।

# ਜੱਖੂ ਹਸਪਤਾਲ ਵੱਲੋਂ ਬੇਗਮਪੁਰਾ ਖਾਲਸਾ ਮਿਸ਼ਨ ਦੇ ਸਹਿਯੋਗ ਨਾਲ ਲਗਾਏ ਫਰੀ ਕੈਂਪ ’ਚ 300 ਤੋਂ ਵੱਧ ਮਰੀਜ਼ਾਂ ਦੀ ਹੋਈ ਜਾਂਚ

“Equality and justice”
Patiala 11 January
INTERNATIONAL PAPER, 94636 01616
hardipchumber57@gmail.com



ਫਗਵਾੜਾ 11 ਜਨਵਰੀ (ਸ਼ਿਵ ਕੌੜਾ) ਜੱਖੂ ਹਸਪਤਾਲ ਚਾਹਲ ਨਗਰ ਫਗਵਾੜਾ ਵੱਲੋਂ ਬੇਗ਼ਮਪੁਰਾ ਖਾਲਸਾ ਮਿਸ਼ਨ ਦੇ ਸਹਿਯੋਗ ਨਾਲ ਬਾਪੂ ਪ੍ਰੀਤਮ ਚੰਦ ਜੱਖੂ ਜੀ, ਮਾਤਾ ਸ਼੍ਰੀਮਤੀ ਬਿਮਲਾ ਰਾਣੀ ਜੱਖੂ ਜੀ ਅਤੇ ਭਰਾ ਜਸਵਿੰਦਰ ਸਿੰਘ ਜੱਖੂ ਵੇਟ ਲਿਫ਼ਟਰ ਦੀ ਨਿੱਘੀ ਯਾਦ ਨੂੰ ਸਮਰਪਿਤ ਵਿਸ਼ਾਲ ਫਰੀ ਮੈਡੀਕਲ ਚੈੱਕਅੱਪ ਅਤੇ ਫਿਜਿਓਥਰੈਪੀ ਕੈਂਪ ਜੱਖੂ ਹਸਪਤਾਲ ਚਾਹਲ ਨਗਰ ਫਗਵਾੜਾ ਵਿਖੇ ਲਗਾਇਆ ਗਿਆ। ਕੈਂਪ ਦਾ ਉਦਘਾਟਨ ਸਮਾਜ ਸੇਵਕ ਕਿਸ਼ੋਰ ਕੁਮਾਰ ਚਾਹਲ ਨੇ ਆਪਣੇ ਕਰ ਕਮਲਾ ਨਾਲ ਕੀਤਾ। ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਸਾਈਂ ਬਲਕਾਰ ਸਾਬਰੀ ਗੱਦੀ ਨਸ਼ੀਨ ਸਰਬ ਸਾਂਝਾ ਦਰਬਾਰ ਚੁਸ਼ਮਾ ਸਰਕਾਰ, ਸਾਈਂ ਕਮਲੇਸ਼ ਸਾਬਰੀ, ਮਲਕੀਅਤ ਸਿੰਘ ਰਘਬੋਤਰਾ ਪ੍ਰਧਾਨ ਬਲੱਡ ਬੈਂਕ ਅਤੇ ਜੈ ਭੀਮ ਯੂਨਾਈਟਿਡ ਵੁਆਇਸ ਆਫ ਪੰਜਾਬ ਦੇ ਸਰਪ੍ਰਸਤ ਪ੍ਰਿੰਸੀਪਲ ਕੇਵਲ ਸਿੰਘ ਸ਼ਾਮਲ ਹੋਏ। ਇਸ ਮੌਕੇ ਪ੍ਰਿੰਸੀਪਲ ਕੇਵਲ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਡਾ. ਹਰਜਿੰਦਰ ਸਿੰਘ ਜੱਖੂ ਵੱਲੋਂ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਫਰੀ ਮੈਡੀਕਲ ਚੈੱਕਅੱਪ ਕੈਂਪ ਲਗਾਉਣਾ ਬਹੁਤ ਹੀ ਉੱਤਮ ਕਾਰਜ ਹੈ, ਜਿਸ ਲਈ ਹਸਪਤਾਲ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਪ੍ਰਿੰਸੀਪਲ ਕੇਵਲ ਸਿੰਘ ਨੇ ਕਿਹਾ ਕੀ ਲੋੜਵੰਦ ਮਰੀਜ਼ਾਂ ਲਈ ਇਹੋ ਜਿਹੇ ਕੈਂਪ ਕਾਫੀ ਲਾਹੇਵੰਦ ਹੁੰਦੇ ਹਨ, ਇਸ ਕਰਕੇ ਫਰੀ ਮੈਡੀਕਲ ਚੈੱਕਅੱਪ ਕੈਂਪਾਂ ਦੀ ਲੜੀ ਇਸੇ ਤਰ੍ਹਾ ਜਾਰੀ ਰਹਿਣੀ ਚਾਹੀਦੀ ਹੈ ਅਤੇ ਇਸ ਵਿੱਚ ਹਰ ਇੱਕ ਇਨਸਾਨ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਹਸਪਤਾਲ ਦੇ ਪ੍ਰਮੁੱਖ ਡਾ. ਹਰਜਿੰਦਰ ਸਿੰਘ ਜੱਖੂ ਐਮ.ਡੀ.ਜੱਖੂ ਹੈਲਥ ਕੇਅਰ ਨੇ ਆਏ ਹੋਏ ਮਹਿਮਾਨਾ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਿਆਂ ਕਿਹਾ ਕਿ ਜੱਖੂ ਹਸਪਤਾਲ ਵੱਲੋਂ ਜਿੱਥੇ ਫਰੀ ਮੈਡੀਕਲ ਚੈੱਕਅੱਪ ਕੈਂਪ ਲਗਾਉਣ ਦੀ ਲੜੀ ਨਿਰੰਤਰ ਜਾਰੀ ਹੈ, ਉੱਥੇ ਹੀ ਹਰ ਸਾਲ ਮੇਰੇ ਵਲੋਂ ਆਪਣੇ ਮਾਤਾ ਪਿਤਾ ਅਤੇ ਭਰਾ ਦੀ ਨਿੱਘੀ ਯਾਦ ਵਿੱਚ ਫਰੀ ਮੈਡੀਕਲ ਚੈੱਕਅੱਪ ਕੈਂਪ ਲਗਾ ਕੇ ਉਨ੍ਹਾਂ ਨੂੰ ਸਰਧਾਂ ਦੇ ਫੁੱਲ ਭੇਟ ਕੀਤੇ ਜਾਂਦੇ ਹਨ। ਡਾ. ਜੱਖੂ ਨੇ ਕਿਹਾ ਕੀ ਜੱਖੂ ਹਸਪਤਾਲ ਵਲੋਂ ਮਾਨਵਤਾ ਦੇ ਭਲੇ ਲਈ ਇਸ ਤਰ੍ਹਾਂ ਦੇ ਕਾਰਜ ਨਿਰੰਤਰ ਜਾਰੀ ਰਹਿਣਗੇ। ਕੈਂਪ ਦੌਰਾਨ ਜੱਖੂ ਹਸਪਤਾਲ ਦੇ ਮਾਹਿਰ ਡਾਕਟਰਾਂ ਦੀ ਟੀਮ ਨੇ 300 ਤੋਂ ਵਧੇਰੇ ਮਰੀਜ਼ਾਂ ਦਾ ਫਰੀ ਚੈੱਕਅੱਪ ਕੀਤਾ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਅਤੇ ਪ੍ਰੀਤ ਲੈਬ ਸਰਹਾਲੀ ਵਲੋਂ ਸੁਰਿੰਦਰ ਸਿੰਘ ਜੱਖੂ ਦੀ ਅਗਵਾਈ ’ਚ ਸਾਰੇ ਲੈਬ ਟੈਸਟ ਮੁਫ਼ਤ ਕੀਤੇ ਗਏ। ਇਸ ਮੌਕੇ ਹੈਪੀ ਕੌਲ ਸਟੇਟ ਕੋਆਰਡੀਨੇਟਰ, ਅਸ਼ਵਨੀ ਬਘਾਣੀਆ ਜ਼ਿਲ੍ਹਾ ਪ੍ਰਧਾਨ, ਸੰਜੀਵ ਮੂਲਨਿਵਾਸੀ, ਗੁਰਦੀਪ ਕੁਮਾਰ ਗੁਰਾਇਆ, ਲਵੀ ਪੰਚ, ਕੁਲਵਿੰਦਰ ਬਾਲਾਲੋਂ, ਸੁਰੇਸ਼ ਸਲਹੋਤਰਾ, ਗੁਰਦਿਆਲ ਸਿੰਘ ਮਾਨਾਂਵਾਲੀ, ਪਵਨ ਮੱਲ ਤੋਂ ਇਲਾਵਾ ਸਿਮਰਨਜੀਤ ਕੌਰ ਸਟਾਫ ਸੁਪਰਵਾਈਜ਼ਰ, ਮੈਡਮ ਮਨਜੀਤ ਕੌਰ, ਨਿਰਮਲ ਸਿੰਘ ਚਾਚੋਵਾਲ, ਅੰਜਲੀ ਰਾਜਪੂਤ, ਪੂਜਾ ਅੰਬੇਡਕਰੀ, ਗੁਰਪ੍ਰੀਤ ਸਮਰਾਏ, ਪਰਮਜੀਤ ਜੱਖੂ ਤੋਂ ਇਲਾਵਾ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

# ਪੀਐਚਡੀਸੀਸੀਆਈ ਦਾ ਚੌਥਾ ਨਵਿਆਉਣਯੋਗ ਊਰਜਾ ਅਤੇ ਇਲੈਕਟ੍ਰਿਕ ਵਾਹਨ ਐਕਸਪੋ ਸਮਾਪਤ

## ਚੈਂਬਰ ਨੇ ਭਾਗ ਲੈਣ ਵਾਲਿਆਂ ਨੂੰ ਕੀਤਾ ਸਨਮਾਨਿਤ, ਹਜ਼ਾਰਾਂ ਲੋਕ ਚੰਡੀਗੜ੍ਹ ਪਹੁੰਚੇ

“Equality and justice”
Patiala 11 January
INTERNATIONAL PAPER, 94636 01616
hardipchumber57@gmail.com



ਚੰਡੀਗੜ੍ਹ। ਪੀਐਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਵੱਲੋਂ ਕ੍ਰੈਸ਼ਟ ਅਤੇ ਇਵੈਂਟੇਜ਼ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਜਾ ਰਿਹਾ ਚੌਥਾ ਈ.ਵੀ. ਐਕਸਪੋ ਐਤਵਾਰ ਨੂੰ ਸਮਾਪਤ ਹੋ ਗਿਆ। ਸਮਾਪਤੀ ਸਮਾਰੋਹ ਦੌਰਾਨ, ਭਾਗੀਦਾਰਾਂ ਨੂੰ ਵੱਖ-ਵੱਖ ਸ਼੍ਰੇਣੀਆਂ ਵਿੱਚ ਪੁਰਸਕਾਰਾਂ ਨਾਲ ਵੀ ਸਨਮਾਨਿਤ ਕੀਤਾ ਗਿਆ। ਪੀ ਐ ਚ ਡੀ ਸੀ ਸੀ ਆ ਈ ਚੰਡੀਗੜ੍ਹ ਚੈਪਟਰ ਦੇ ਚੇਅਰਮੈਨ ਰਜਨੀਸ਼ ਬਾਂਸਲ ਨੇ ਐਕਸਪੋ ਵਿੱਚ ਆਏ ਉੱਦਮੀਆਂ ਅਤੇ ਕਾਰੋਬਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਸਮਾਗਮ ਰਾਹੀਂ, ਚੈਂਬਰ ਦੀ ਟਿਕਾਊ ਵਿਕਾਸ, ਸਾਫ਼ ਊਰਜਾ ਨੂੰ ਅਪਣਾਉਣ ਅਤੇ ਇਲੈਕਟ੍ਰਿਕ ਗਤੀਸ਼ੀਲਤਾ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਨੂੰ ਮਜ਼ਬੂਤੀ ਮਿਲੀ ਹੈ।

ਇਸ ਮੌਕੇ ਸੋਲਰ ਉਦਯੋਗਪਤੀ ਦਿਨਕਰ, ਅਨੁਜ ਜੈਨ, ਸੌਰਭ ਸ਼ਰਮਾ, ਵਿਜੇ ਕੁਮਾਰ, ਸੋਲਰ ਆਰਡੈਂਟ ਐਸੋਸੀਏਸ਼ਨ ਵੀ ਮੌਜੂਦ ਸਨ। ਇਸ ਮੌਕੇ ’ਤੇ ਦਿਨਕਰ ਨੂੰ ਬੈਸਟ ਡਿਸਪਲੇਅ ਪੁਰਸਕਾਰ, ਮਿਲੇਨੀਅਮ ਨੂੰ ਬੈਸਟ ਡਿਸਪਲੇਅ ਰਨਰ ਅੱਪ, ਮੈਵਰਿਕਸ ਨੂੰ ਬੈਸਟ ਫੁੱਟਫਾਲ, ਡੇਅ ਵਾਥੂਟ ਨੂੰ ਬੈਸਟ ਫੁੱਟਫਾਲ ਰਨਰ ਅੱਪ, ਮਹਿੰਦਰਾ ਨੂੰ ਬੈਸਟ ਇਨੋਵੇਸ਼ਨ, ਬੈਟਰੀ ਟੈਕਨਾਲੋਜੀ ਵਿੱਚ ਬੈਸਟ ਇਨੋਵੇਸ਼ਨ ਦਿੱਤਾ ਗਿਆ। ਇਸ ਮੌਕੇ ’ਤੇ ਬੋਲਦੇ ਹੋਏ, ਪੀ ਐ ਚ ਡੀ ਸੀ ਸੀ ਆ ਈ ਦੇ ਰੈਜ਼ੀਡੈਂਟ ਡਾਇਰੈਕਟਰ ਗੁਰਦਰਸ਼ਨ ਅਗਰਵਾਲ ਨੇ ਕਿਹਾ ਕਿ ਐਕਸਪੋ ਵਿੱਚ ਸ਼ਾਨਦਾਰ ਵਿਚਾਰ-ਵਟਾਂਦਰੇ, ਗਿਆਨ-ਵੰਡ ਸੈਸ਼ਨ ਅਤੇ ਉਪਯੋਗੀ ਨੈਟਵਰਕਿੰਗ ਦੇਖਣ ਨੂੰ ਮਿਲੀ, ਜੋ ਭਾਰਤ ਵਿੱਚ ਨਵਿਆਉਣਯੋਗ ਊਰਜਾ ਅਤੇ ਈਵੀ ਸੈਕਟਰ ਦੀ ਵਧਦੀ ਗਤੀ ਨੂੰ ਦਰਸਾਉਂਦੀ ਹੈ। ਪਿਛਲੇ ਤਿੰਨ ਦਿਨਾਂ ਵਿੱਚ ਹਜ਼ਾਰਾਂ ਲੋਕਾਂ ਨੇ ਸਿਟੀ ਬਿਊਟੀਫੁੱਲ ਦਾ ਦੌਰਾ ਕੀਤਾ ਹੈ। ਇੱਥੇ ਕ੍ਰੈਸ਼ਟ ਅਧਿਕਾਰੀਆਂ ਨੇ ਵੱਖ-ਵੱਖ ਪਹਿਲਕਦਮੀਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ, ਜਦੋਂ ਕਿ ਸੂਰਜੀ ਅਤੇ ਈ.ਵੀ. ਖੇਤਰਾਂ ਦੇ ਮਾਹਿਰਾਂ ਨੇ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਭਵਿੱਖ ਦੀਆਂ ਯੋਜਨਾਵਾਂ ਦੀ ਰੂਪਰੇਖਾ ਦਿੱਤੀ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਅਜਿਹੇ ਸਮਾਗਮਾਂ ਦਾ ਵਿਸਤਾਰ ਕੀਤਾ ਜਾਵੇਗਾ।

“इक्वालिटी एंड जस्टिस”
पटियाला 11 जनवरी
INTERNATIONAL PAPER, 9463601616
hardipchumber57@gmail.com

# हमारी आजादी की लड़ाई बाकी है- बाबा साहब

बाबा साहेब कहते हैं

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## अन्याय का विरोध किए बगैर अपना उद्धार कैसे संभव है?

* जनता 22 दिसम्बर, 1945

वन्हाड प्रांतीय शेडयूल्ड कास्टस् फेडरेशन की पहली



परिषद अकोला ( वन्होड) में 9 और 10 दिसंबर, 1945 को हुई थी। इस परिषद में अमरावती, बलढाणा, यवतमाल, अकोला और मध्य प्रांत जैसे दूरदराज के इलाकों से सैंकड़ों प्रतिनिधि उपस्थित हुए थे। इस परिषद में करीब पौन लाख लोग शामिल हुए थे।

### परिषद की खासियत

डॉ. बाबासाहेब अम्बेडकर पहली बार अकोला में आ रहे थे इसलिए वन्हाड प्रांत के चारों जिलों से हजारों पुरुष और महिलाएं बाबासाहेब के दर्शनों के लिए आए हुए थे। दो-दो दिनों की यात्रा करके भी कुछ लोग अपने प्रिय नेता के दर्शन करने और उनका संदेश सुनने के लिए आए हुए थे। बाबासाहेब अकोला में आ रहे हैं इस बात की पहले से खबर होने के कारण सिनेमा हॉल में दस दिन पहले से विज्ञापन दिखाया जा रहा था कि अखिल भारतीय बहिष्कृत वर्ग के इकलौते नेता डॉ. बाबासाहेब अम्बेडकर 10 दिसंबर, 1945 को अकोला में आएंगे और भाषण देंगे।” सो, बाबासाहेब के आगमन के बारे में अकोला ही नहीं पूरे वन्हाड की जनता को उत्कंठा थी कि हमारे अनभिषिक्त राजा, हमारे नेता से कब हमारी मुलाकात होगी। अकोला आने तक जिन-जिन स्टेशनों पर गाड़ी रुकी थी वहां हर स्टेशन पर उनका हार्दिक स्वागत किया गया था जिस कारण पूरी रात उन्हें परेशानी हुई थी। अखबारों के प्रतिनिधियों को साक्षात्कार देने और मध्य प्रांत के नेताओं के साथ आगामी चुनावों से संबंधित विषयों पर करीब पौन घंटे तक बातचीत करते के बाद प्रमुख नेताओं की तस्वीर ली गई।

जुलूस की शुरूआत अकोला स्टेशन से हुई। जुलूस तीन-चार फलीग लंबा था। अकोला स्टेशन से तिलक मैदान तक के रास्ते पर दोनों तरफ भीड़ जमा थी। इस जुलूस में अखिल भारतीय शेडयूल्ड कास्टस् फेडरेशन के उत्साही महासचिव श्री राजभोज, भारतीय संस्थान शेडयूल्ड कास्टस् फेडरेशन के अध्यक्ष सुबटया, म्यु. कामगार परिषद के नियोजित अध्यक्ष श्री सज्जनसिंह, शांताबाई दाणी - नासिक से आदि शामिल थे। वन्हाड प्रांत के जिलों से आशा समता सैनिक दल भी जुलूस में बड़े उत्साह के साथ शामिल हुआ था और उसने जुलूस में व्यवस्था कायम रखने की जिम्मेदारी बहुत अच्छे ढंग से सम्भाल रखी थी। दोनों ओर सैनिक दल, बीच में नेताओं की गाडियां, पीछे महिला मंडल और अन्य जनसमूह थे। जुलूस में सबसे आगे थे विभिन्न वाद्यों के साथ उन्हें बजाने वाले कलाकार। उनके पीछे मर्दाना खेल दांड पट्टा और उनके पीछे बैंड। इस प्रकार बड़े उत्साह के साथ बाबासाहेब की जय बोलते हुए जुलूस चल रहा था। जुलूस में कई तरह नारे लगाए जा रहे थे जिनकी आवाज से वातावरण गूंज रहा था जैसे- ‘डॉ. अम्बेडकर कौन है? दलितों का राजा है ! शेडयूल्ड कास्टस् फेडरेशन की जय हो ।’ ‘हरिजन शब्द का धिक्कार है’ ‘अम्बेडकर जिंदाबाद ! थोड़े दिन में भीमराज ! ’

इस प्रकार के अपूर्व माहौल में ‘जुलूस साध्वी रमाबाई अम्बेडकर नगर’ में विसर्जित हुआ। उसके बाद श्री सुबटया के हाथों झंडा वंदन का कार्यक्रम हुआ। अध्यक्ष द्वारा ऊपर चढ़ाया शेडयूल्ड कास्टस् फेडरेशन का नीला झंडा ऊंचे जाकर फहरा। समता सैनिक दल द्वारा झंडे को सलामी दी गई। उस वक्त तालियों की गड़गड़ाहट और फेडरेशन की जयकार में वातावरण गूंज उठा था।

श्री सुबटया की अध्यक्षता में समता सैनिक दल की परिषद संपन्न हुई। उसके तुरंत बाद शांताबाई दाणी की अध्यक्षता में महिला परिषद ली गई। सौ गीताबाई गायकवाड़ और मिसेस नाईक ने महिलाओं को स्फूर्तिदायक आदेश दिया और उसके बाद परिषद का कामकाज संपन्न हुआ। ठीक साढ़े पांच बजे डॉ. बाबासाहेब अम्बेडकर का मंडप में आगमन हुआ। उस वक्त आकाश को छेदने वाले नारों से और तालियों की गड़गड़ाहट से समूचा वातावरण आनंदभरा हो उठा था। ध्येयनिश को समर्पित उस अस्पृश्य वर्ग के स्वाभिमान और आत्मनिर्भरता का यह दिव्य प्रतीक देख कर स्वधर्मी और विधर्मी लोगों के मुंह से अपने आप धन्योद्गार निकल रहे थे।

### परिषद का कामकाज

ठीक साढ़े छह बजे परिषद की शुरूआत हुई। नागपुर के शेंद्रे वकील ने सुस्वर में गायन प्रस्तुत किया। स्वागताध्यक्ष श्री डी. जेड. पलसपगार ने अपने भाषण में उपस्थित जनसमुदाय और डॉ. बाबासाहेब का स्वागत किया। उसके बाद अकोला के अकर्ते बकील (कॉंग्रेस), अमृतकर वकील ( हिंदू महासभा), म्युनिसिपल कमेटी के अध्यक्ष रावबहादुर आठल्ये, मुस्लिम लीग के सदस्य श्री काजी वकील ने बाबासाहेब की मुक्त कंठ से प्रशंसा की और बताया कि डॉ. बाबासाहेब केवल अस्पृश्यों के ही नहीं वरन् अखिल भारत के नेता हैं, वह एक तपस्वी हैं। उन्होंने इस घोषणा के बाद बाबासाहेब के आंदोलन के बारेमें और फेडरेशन के बारे में आदर व्यक्त किया। उके बाद डिप्रेस्ड क्लासेस एसोसिएशन के महासचिव रावसाहब ठवरे ने इस बात का जिक्र कर अपना वक्तव्य पूरा किया कि वे अपना पक्ष छोड़ कर फेडरेशन पक्ष में किस प्रकार शामिल हुए। उसके बाद श्री इंगले अखिल वन्हाड प्रांत के अस्पृश्य जनता की ओर से मानपत्र पढ़कर सुनाया। फिर डॉ. बाबासाहेब को 1101 रुपयों की थैली अर्पण की गई।

ठीक साढ़े सात बजे डॉ. बाबासाहेब बोलने के लिए उठ खड़े हुए। तालियों की गड़गड़ाहट हुई और वातावरण ‘अम्बेडकर जिंदाबाद’ अम्बेडकर कोन हैं, दलितों के राजा हैं, जैसे नारों से गूंजता रहा। जनसमुदाय शांत हुआ तो बाबासाहेब ने अपना भाषण शुरू किया। उन्होंने कहा,

भाइयों और बहनों,

अब तक के वक्ताओं ने जो कुछ कहा उससे मेरी भूमिका स्पष्ट हो चुकी है। सो, उसके बारे में बिना और कुछ कहे इलेक्शन के बारे में बोलूंगा। आप जानते ही हैं कि आज का इलेक्शन 1937 के इलेक्शन से बिल्कुल अलग है। इस बार इलेक्शन दलितों के जीने-मरने का मसला है। इस मसले को हल कर हमें अपने जीवन के अद्य कर्तव्य-कर्म को निभाना होगा। दुनिया को हमारे, अभेद्य संगठन की मिसाल देनी ही होगी। यानी कि जाहिर है - फेडरेशन के सभी उम्मीदवारों को जिता कर हमें अपने राजनीतिक अधिकार हासिल करने हैं।

राजनीतिक सत्ता हाथ में हो तो आदमी क्या कर सकता है इसका एक उदाहरण में आपको बताता हूं। वायसराय के जिस कार्यकारी मंडल में मेरा प्रवेश हुआ है उसके 15 सदस्य हैं। हममे से मैं अकेला ही हूं। इस बात को ढाई साल बीत चुके हैं। मेरे वहां जाने से पहले केन्द्र सरकार ने अस्पृश्यों की शिक्षा की कोई जिम्मेदारी अपने सिर नहीं ली थी। लेकिन सरकार ने मुसलमानों के अलीगढ़ विश्वविद्यालय को 20 लाख रुपयों की और बनारस हिंदू विश्वविद्यालय को 19 लाख रुपयों की मदद दी थी। इसके अलावा इन दोनों संस्थाओं को हर वर्ष 3 लाख रुपयों की मदद देना बरकरार है। साथ ही 60 रु. प्रति छात्र के हिसाब से 300 कॉलेज वजीफे मंजूर किए गए हैं। छात्रों की भरपूर मदद करने की नीति बनाई गई है। इसी वर्ष 30 छात्र उच्च शिक्षा पाने के लिए विलायत जाएंगे। अब ऐसी व्यवस्था की गई है कि कम से कम 2 वर्षों में 15 अस्पृश्य छात्र यहां से पढ़ने के लिए विलायत जाएंगे। ऐसी व्यवस्था यहां पहले कभी नहीं थी लेकिन आज हुई है। अब नौकरी के बारे में देखिएं मुसलमानों को सैंकड़ा 20, ईसाइयों को 8.50 प्रतिशत लेकिन हमारे लिए कुछ नहीं। बस सिफारिश की गई थी कि इनकी तरफ ध्यान दें। हाल ही में सरकार को मेरी मांग उचित लगी और हमारे लिए नौकरियों में आठ पूर्णांक एक तिहाई आरक्षण को मंजूरी मिली। जब वहां गया तब मेरे विभाग में अस्पृश्य हमाल तक नहीं थे। लेकिन अब 2 डेप्युटी सेक्रेटरी, 1 अंडर सेक्रेटरी और 3 एक्ज़ीक्युटिव इंजीनियर्स इस प्रकार अस्पृश्यों की भर्ती की है। कोई कहते हैं कि मैं केवल महारों का ही हित करता हूं। मैं महार जाति में पैदा हुआ इसका मैं क्या सकता हूं? मेरे खिलाफ कही जाने वाली यह बात झूठी है। मेरे विभाग में सिमला में 28 कलकों में से 18 भंगी है। * विलायत जाने वालों में 1 मांग, 1 भंगी और बहुत सारे चमार हैं। एक और बात मैं इसके साथ ही बताना चाहता हूं। एक | मैला-कुचैला भंगी उम्मीदवार जब शिमला में इंटरव्यू के लिए आया था तब मुझे पता चला था कि उसे यकीनन इनकार किया जाएगा। तब मैंने अपना वजन खर्च कर उसे चुनवा दिया। अब वह विदेश में है। मैं आत्मश्लाघा कर रहा हूं ऐसा बिल्कुल न समझें। बस मैं यह समझाना चाहता हूं कि राजनीतिक सत्ता हाथ में हो तो इंसान क्या क्या कर सकता है। इसीलिए इज्जत और इंसानियत भरा बर्ताव पाने के लिए अस्पृश्य समाज को राजनीति काबिज करनी चाहिए। यानी फेडरेशन के प्रतिनिधियों को विधिमंडल में जाकर हम पर होने वाले अत्याचारों के खिलाफ आवाज उठानी चाहिए। यह हमारी एक मांग है।

1920 में गांधी ने हरिजन संघ बनाया उस संघ के जरिए हरिजन छात्रों को वजीफे | देना शुरू किया। उद्देश्य यही था कि हमारे स्वाभिमानपूर्ण आंदोलन से उन्हें अलग करना । अपने गुट में शामिल करवा लेना। इस मामले में अस्पृश्य छात्रों से मैं बस इतना ही कहना चाहूंगा कि ऐसे लालचों का आप जितना फायदा उठा सकते हैं, उठाइए। लेकिन अपना कर्तव्य न भूलें। मैं आपसे यही कहना चाहता हूं। पुराणों में देव - देत्यों के बीच युद्ध हुआ था। इसमें विजय पाने के लिए देवों ने कच को भेज कर संजीवनी मंत्र सीखने की जुगत लड़ाई थी। कच की मानसिकता को अपना कर उसी के जैसा बर्ताव करो। इसी में समाज का हित है।

इस देश में कई जातियां और धर्म हैं। उनमें सामाजिक समता या संगठन नहीं है। दो जातियों के बीच रोटी-बेटी का व्यवहार नहीं होता, अगर होता है तो उसे केवल अपवाद मात्र जानें। महार का बेटा अगर ब्राह्मण की बेटी से विवाह करता है या ब्राह्मण की बेटी महार के बेटे से शादी करती है तो मुझे उस बारे में कुछ नहीं लगता। लेकिन मैं एक बात पूछता हूं कि क्या इस प्रकार के विवाहों से अस्पृश्यों की अस्पृश्यता नष्ट | होगी? हमारी बच्चियां क्या काली हैं? क्या उनकी नाक पिचकी है? या वे कुरूप हैं? एक बात और मैं आपसे पूछना चाहता हूं अस्पृश्य लड़के का अस्पृश्य लड़की से विवाह को क्या हासिल ?

स्वराज्य के मसले पर हममें कोई मतभेद नहीं। लेकिन स्वराज में हमें अपने अधिकार मिलने चाहिए। मैं कॉंग्रेस से बस यही कहना चाहता हूं कि आपके स्वराज में हम पर किसका

“Equality and Justice”
“Equality and Justice” Rs. 100/month स्वतंत्रता, समानता, भाईचारा



राज होगा इस सवाल का जवाब दीजिए।

* मूल संहिता में आंकड़ा नहीं दिया है हालांकि बाबासाहेब ने पुणे दिए अपने भाषण में इस बात का जिक्र आता है

फिलहाल हमारे पास कोई साधन नहीं हैं। स्पृश्य लोगों के हाथों में सत्ता है इसलिए जो उनकी मर्जी हो वहीं वे तय कर देते हैं। उनके पास काफी पैसा है, वाहन हैं तथा अन्य चीजें भी हैं। हमारे पास यह सब नहीं है। इन चीजों के प्रति मोह पर हममे से कई लोग बलि चढ़ गए हैं। लेकिन मैं नहीं चढ़ा। (हंसी) सो, मैं आपको यह बात साफ तौर पर बता रहा हूं कि इस प्रकार के साधनों की उम्मीद बिना रखे केवल अपने दल के प्रति अपना कर्तव्य मानते हुए पैदल चल कर जाएं और जिनके पास मताधिकार हैं वे बिना मूल्य के समाज सेवा की भावना से फेडरेशन के उम्मीदवार को ही वोट दें। यही उनका श्रेष्ठ कर्तव्य है। देश के अल्पसंख्यकों को लगने वाला डर दूर करने के लिए परिश्रम करने की बात कांग्रेस कह रही है लेकिन ऐसा कुछ नहीं है। समूचे देश का प्रतिनिधि होने का उसका अपने बारे में किया जा रहा प्रचार धोखे में डालने वाला है। बड़े पैमाने पर लोगों से समर्थन हासिल करने की यह कॉंग्रेस के नेताओं की कोशिश है । अंग्रेजों के चले जाने के बाद तथा स्वराज मिलने के बाद विभिन्न अल्पसंख्यकों के हकों की केंद्र सरकार कैसे रक्षा करेगी इस बात पर सोच-विचार करने के लिए कॉंग्रेस को चाहिए कि वे एक हिंदी गोलमेज परिषद बुलाए और विचार विमर्श करे। ऐसा करने के बजाय कॉंग्रेस ने अन्य पक्षों को धता बताते हुए दावा करना शुरू किया कि सत्ता उसी के हाथ में रहनी चाहिए। कॉंग्रेस का यह दुराग्रह हम बरदाश्त नहीं करेंगे। मैं आपको यही सलाह दूंगा कि कॉंग्रेस से अलिप्त रहें।

आज सुबह एक व्यक्ति ने मुझसे मिल कर कहा हम हर तरह से स्पृश्यों पर निर्भर हैं इसलिए अगर हम उनके खिलाफ शिकायत करने जाएं तो कोई अस्पृश्य अधिकारी सुनने तक के लिए राजी नहीं होता। हम क्या करें? मैं कहता हूं, यह बात सच है लेकिन मैं आपसे पूछता हूं कि भेड़ बन कर ऐसा जीवन और कितने दिन जियोगे ? अन्याय के खिलाफ कभी न कभी तो मुंह खोलना ही पड़ेगा न? अन्याय का विरोध किए बगैर क्या हमारा उद्धार होना संभव है? कोट, बूट, पैंट पहन कर मैं आपके सामने खड़ा हूं मेरे हाथ में सोने की घड़ी है। मैं साफ-सुथरा हूं। मुझे महार कहने की हिम्मत किसी में है क्या? इसके बावजूद मैं महार हूं। (हंसी) मैं अगर पहले ही हार मान कर बैठ जाता तो क्या यह स्थिति आती? मेरे हाथ में आज जो सोने की घड़ी दिखाई दे रही है, क्या वह दिखाई देती ? (हंसी) कहने का मतलब ये है कि अन्याय के खिलाफ आपको ‘जैसे को तैसा’ न्याय से विरोध करना सीखना होगा। अपने कर्तव्य के प्रति जागरूक रहिए। सो, मैं आपसे आखिर इतना ही कहना चाहता हूं कि अब के बाद का समय आपातकाल है। उससे मुकाबले की तैयारी मजबूत नींव पर होनी चाहिए। फेडरेशन के सभी उम्मीदवारों को बहुमत से जिताना होगा। हिंदुस्तान सरकार ने घोषणा की है कि प्रांतीय विधिमंडल में जीतने वाले प्रतिनिधियों में से ही संविधान समिति चुनी जाएगी। इस समिति के द्वारा तैयार होने वाला संविधान कई सालों तक अस्तित्व में रहेगा। हो सकता है वही कायम भी हो। कॉंग्रेस हमारी कुछ सीटें जीतेगी तो हमारा नुकसान होगा। हम अलग लक्ष्य हासिल नहीं कर पाएंगे। इसलिए दिन-रात कोशिश कर हमें सभी सीटें जीतनी होंगी। यही उपदेश कर मैं अपना भाषण समाप्त करता हूं।

# मेरठ के सरधना में दलित युवती के अपहरण और मां की हत्या पर देशभर में आक्रोश, राष्ट्रपति से हस्तक्षेप की मांग- एडवोकेट कपिल कुमार चौधरी

**मेरठ (उत्तर प्रदेश) (एडवोकेट कपिल कुमार चौधरी)**

उत्तर प्रदेश के मेरठ जिले के सरधना क्षेत्र में घटित एक हृदयविदारक घटना ने राज्य की कानून-व्यवस्था और महिला सुरक्षा पर गंभीर सवाल खड़े कर दिए हैं। 9 जनवरी 2026 को सरधना के गांव कपसाड़ में दिनदहाड़े एक दलित युवती का कथित रूप से हथियारों के बल पर अपहरण कर लिया गया। युवती को बचाने का विरोध करने पर उसकी मां की धारदार हथियारों से निर्मम हत्या कर दी गई। इस घटना के बाद प्रदेश भर में दलित समाज और विपक्षी दलों में गहरा आक्रोश व्याप्त है।

घटना के बाद पीड़ित परिवार को सांत्वना देने पहुंचे कांग्रेस नेताओं, समाजवादी पार्टी के सांसद और क्षेत्रीय विधायक अतुल प्रधान को पुलिस ने गांव में प्रवेश से रोक दिया और कथित तौर पर धक्का-मुक्की की। इसके विपरीत, आरोपी पक्ष से जुड़े सत्तारूढ़ दल के नेताओं को कोई रोक-टोक नहीं की गई। इस दोहरे रवैये को लेकर सरकार और पुलिस की निष्पक्षता पर सवाल उठाए जा रहे हैं।

घटना को लेकर यह भी कहा जा रहा है कि उत्तर प्रदेश में कानून का भय लगातार कम होता जा रहा है और दलितों व कमजोर वर्गों के विरुद्ध अपराध बढ़ रहे हैं। हाथरस और उन्नाव जैसे मामलों का हवाला देते हुए आरोप लगाया गया कि पूर्व में भी दलित बेटियों के साथ जघन्य अपराध हुए, लेकिन पीड़ितों को समय पर न्याय नहीं मिल सका। हालांकि, पुलिस ने देर रात युवती को बरामद कर एक आरोपी की गिरफ्तारी की पुष्टि की है, लेकिन पीड़ित पक्ष को आशंका है कि आगे चलकर अपराधियों को बचाने की कोशिशें शुरू हो सकती हैं। सामाजिक संगठनों और जातिगत समूहों द्वारा अपराधियों के समर्थन की प्रवृत्ति पर भी चिंता जताई गई है।

इस पूरे मामले को लेकर मुजफ्फरनगर के अधिवक्ता कपिल कुमार चौधरी ने राष्ट्रपति को ज्ञापन भेजकर मांग की है कि वर्ष 2014 से अब तक देश और विशेष रूप से उत्तर प्रदेश में महिलाओं और दलितों के विरुद्ध हुए अपराधों का विस्तृत आंकड़ा मंगवाया



एडवोकेट कपिल कुमार चौधरी

जाए और सभी मामलों में त्वरित व निष्पक्ष कार्रवाई सुनिश्चित की जाए। उन्होंने महिलाओं में सुरक्षा की भावना और अपराधियों में कानून का भय स्थापित करने के लिए कठोर कदम उठाने की अपील की है। यह घटना एक बार फिर देश में महिला सुरक्षा, सामाजिक न्याय और कानून के समान अनुप्रयोग की बहस को केंद्र में ले आई है।

# केरल: किसी बिशप पर रेप का आरोप लगाने वाली देश की पहली नन ने 9 साल बाद तोड़ी चुप्पी, बोलीं- सब कुछ सहते हुए ‘नार्मल’ दिखना...

**‘ भारत के पहले ‘कॉन्ट्रैक्ट रेप’ केस में अभिनेता दिलीप के बरी होने से टूटा दिल लेकिन सर्वाइवर एक्ट्रेस की हिम्मत ने दी नई आशा, अब मैं भी चुप ना रहूंगी’**

“इक्वालिटी एंड जस्टिस” पटियाला 11 जनवरी
INTERNATIONAL PAPER, 94636 01616
hardipchumber57@gmail.com

तिरुवनंतपुरम- बिशप फ्रैंको मुलक्कल रेप केस की सर्वाइवर सिस्टर रनित ने नौ साल बाद पहली बार सार्वजनिक रूप से अपनी पहचान उजागर की है। 2018 में एक बिशप पर यौन हिंसा का आरोप लगाने वाली देश की पहली नन बताती हैं कि फ्रैंको मुलक्कल के बरी होने का फैसला उन्हें गहराई से आहत कर गया, लेकिन न्याय की लड़ाई जारी रखने का संकल्प अटल है। ‘एशियनेट न्यूज’ को दिए ख़ास इंटरव्यू में सिस्टर रनित ने कहा, “मैं लोगों को बताना चाहती हूं कि हम अभी भी जिंदा हैं, हम यहां हैं... हमारी जद्दोजहद जारी है।” कान्वेंट में रहने वाली ननों की पीड़ा उजागर करती हुई सिस्टर रनित कहती हैं, “ निशब्द रहना ननों की मजबूरी बन जाती है, मठ के भीतर क्या चल रहा है उसे बाहर की दुनिया से छिपाकर, अच्छे वस्त्र पहनकर लोगों के सामने मुस्कुराते हुए सामने आने की क्या पीड़ा होती है ये वही जान सकता है जिसने वह दर्द झेला हो...”।

सिस्टर रनित ने बताया कि उन्होंने सालों तक चुप्पी साधे रखी क्योंकि डर, कलंक और चर्च के कठोर नियमों ने उन्हें मजबूर किया। “मुझे 13 बार बलात्कार का शिकार बनाया गया, लेकिन मैंने पहले आवाज नहीं उठाई क्योंकि कॉन्वेंट छोड़ने पर मुझे ‘भागी



हुई नन’ का ठप्पा लग जाता,” उन्होंने कहा। चस्टिटी (पवित्रता) को ननों के लिए सर्वोच्च मूल्य माना जाता है, और इसे ‘खो’ देने पर तुरंत चर्च से निकाल दिया जाता है। उन्होंने कई महिलाओं को देखा जो चर्च छोड़ने के बाद ‘रनअवे नन’ कहलाकर जिंदगीभर शर्मिंदगी झेलती रहीं। केवल नन ही नहीं बल्कि उनके परिवार को भी समाज हिकारत की नजरों से देखता है जो उन्हें ताउम्र भोगना पड़ता है।

सिस्टर रनित ने भावुक होकर कहा , “मैं अपनी संतान को यह कैसे बता सकती थी कि मेरी पवित्रता छीन ली गई? एक मां अपने बच्चों के सामने ऐसी बात नहीं कह सकती।”

2018 में केरल के कुराविलंगडु स्थित सेंट फ्रांसिस मिशन होम में रहने वाली वरिष्ठ नन सिस्टर रनित ने जालंधर डायोसिस (धर्मप्रांत) के तत्कालीन बिशप फ्रैंको मुलक्कल पर कई बार बलात्कार का आरोप लगाया। यह शिकायत भारत में एक अभूतपूर्व घटना थी, क्योंकि इससे पहले कभी किसी नन ने यौन हिंसा के लिए किसी पदस्थ बिशप के खिलाफ औपचारिक पुलिस शिकायत दर्ज नहीं कराई थी। जनवरी 2022 में एक निचली अदालत ने फ्रेंको मुलक्कल को बरी कर दिया। 2023 में उन्होंने दिवंगत पोप फ्रांसिस से मुलाकात की और अपने पद से इस्तीफा दे दिया। वर्तमान में उन्हें जालंधर के बिशप एमेरिटस की उपाधि हासिल है, जो सेवानिवृत्त बिशपों को उनकी पिछली सेवाओं के सम्मान में दी जाने वाली एक मानद उपाधि है।

सिस्टर रनित ने कॉन्वेंट में सामान्य दिखने का दर्द बयां किया। “मुझे मुस्कुराते हुए, साफ-सुथरे कपड़ों में बाहर निकलना पड़ता था, जबकि अंदर से दर्द की चीखें दबाए रखती थी। मैंने सब कुछ अपने अंदर कैद कर लिया।” उन्होंने कहा कि कई कॉन्वेंट्स में ऐसी घटनाएं होती हैं और वे कई ऐसी महिलाओं को जानती हैं जो चुपचाप सहती रहीं। “सभी सच्चाइयां उजागर नहीं की जा सकतीं, मैंने देखा है कि बोलने वालों का क्या हश्र होता है।”

शिकायत के बाद सिस्टर रनित को अलग-थलग कर दिया गया। उन्होंने आरोप लगाया कि बिशप फ्रैंको ने उनके परिवार और साथी ननों को फर्जी केसों में फंसाने की कोशिश की। कुछ ननों ने खुलेआम उनका साथ छोड़ दिया। पैसे के लालच का आरोप लगाने वालों को जवाब देते हुए उन्होंने कहा, “मैंने डायोसीज या फ्रैंको से एक रुपया भी नहीं लिया।” तीन ननों ने उत्पीड़न से तंग आकर चर्च छोड़ दिया, जबकि बाकी तीन, जिसमें वे खुद शामिल हैं, अब कॉन्वेंट में सिलाई का काम करके गुजारा कर रही हैं। उन्होंने Church को अपमानित करने का इरादा न होने की बात कहते हुए कहा, “चर्च लीडरशिप की खामोशी ने हमें सड़कों पर धकेल दिया।”

### अभिनेता दिलीप फैसले के बाद जब पीडिता आई सामने तो मिली हिम्मत

उनकी चुप्पी टूटने का एक बड़ा कारण 2017 के एक्ट्रेस अटैक केस का फैसला था, जिसमें मास्टरमाइंड कहे जाने वाले एक्टर दिलीप को बरी कर दिया गया। सिस्टर रनित ने कहा, “यह फैसला मुझे बहुत दुखी कर गया। मैं अपने पुराने दर्द में खो गई। उसे न्याय नहीं मिला, यह सोचकर मेरा दिल चीखा। लेकिन उसी दौरान वह नायिका मुख्यमंत्री के क्रिसमस इवेंट में पहुंची, कितना साहस! इससे मुझे प्रेरणा मिली। अब तक अन्य सिस्टर्स मेरी आवाज बनीं, लेकिन अब मैं खुद बोलूंगी।” सिस्टर रनित ने कहा कि अब वे हाई कोर्ट और सुप्रीम कोर्ट में केस लड़ेंगी। “सुप्रीम कोर्ट से फैसला आने तक मैं आराम नहीं करूंगी। न्याय के लिए लड़ाई जारी रखूंगी।”

# गुरु तेग बहादुर मुद्दे पर AAP का विरोध, सौरभ भारद्वाज समेत कई नेता हिरासत में

“इक्वालिटी एंड जस्टिस” पटियाला 11 जनवरी
INTERNATIONAL PAPER, 94636 01616
hardipchumber57@gmail.com

गुरु तेग बहादुर मुद्दे पर भारतीय जनता पार्टी (BJP) के खिलाफ विरोध प्रदर्शन कर रहे आम आदमी पार्टी (AAP) की दिल्ली इकाई के अध्यक्ष सौरभ भारद्वाज सहित कई नेताओं को रविवार को हिरासत में ले लिया गया। आप नेताओं ने सत्तारूढ़ भाजपा पर दिल्ली की पूर्व मुख्यमंत्री आतिशी का ‘छेड़छाड़ किया हुआ’ वीडियो प्रसारित करने का आरोप लगाया।

आप नेता भाजपा मुख्यालय के पास विरोध प्रदर्शन कर रहे थे और मुख्यमंत्री रेखा गुप्ता से माफी की मांग कर रहे थे। आप विधायक संजीव झा ने कहा कि गुरु तेग बहादुर से संबंधित फर्जी वीडियो बनाने के लिए भाजपा को माफी मांगनी चाहिए। यह उनकी गंदी राजनीति है। उन्होंने दिल्ली के असली मुद्दों से ध्यान हटाने के लिए यह फर्जी वीडियो बनाया। उन्होंने आरोप लगाया कि लोग गुरु के इस अपमान को माफ नहीं करेंगे, सभी भाजपा नेताओं को माफी मांगनी चाहिए।

कानून मंत्री कपिल मिश्रा समेत दिल्ली भाजपा के नेताओं ने उक्त वीडियो के आधार पर आरोप लगाया था कि आतिशी ने पिछले साल नवंबर में नौवें सिख गुरु के 350वें शहादत दिवस के उपलक्ष्य में दिल्ली सरकार द्वारा आयोजित एक कार्यक्रम पर विधानसभा में बहस के दौरान गुरु तेग बहादुर का अपमान किया था। भाजपा की दिल्ली इकाई के अध्यक्ष वीरेंद्र सचदेवा ने कहा कि आप को गुरु के खिलाफ अपशब्दों का इस्तेमाल करने के लिए माफी मांगनी होगी।

उन्होंने सोशल मीडिया मंच ‘एक्स’ पर आतिशी के कथित बयान का वीडियो क्लिन साझा करते हुए पोस्ट किया कि दिल्ली विधानसभा में नेता प्रतिपक्ष आतिशी ने हमारे गुरुओं के बारे में अपशब्द कहे। जब यह मुद्दा भाजपा नेताओं ने उठाया तो अरविंद केजरीवाल ने पंजाब पुलिस द्वारा कपिल मिश्रा पर एफआईआर करवा दी जिसका पंजाब पुलिस को कोई अधिकार नहीं है।

आज भाजपा का हर कार्यकर्ता आतिशी का वीडियो ट्वीट कर केजरीवाल और पंजाब पुलिस को चुनौती देता है की वो भाजपा के कितने कार्यकर्ताओं पर एफआईआर करेंगे! केजरीवाल, आतिशी और उसके पूरे गिरोह को हमारे गुरुओं के लिए कहे गए अपशब्द के लिए माफी मांगनी पड़ेगी।

आतिशी ने ‘एक्स’ पर एक वीडियो पोस्ट में दावा किया था कि वह भाजपा द्वारा प्रदूषण पर चर्चा से भागने और आवारा कुत्तों के मुद्दे पर विधानसभा में उनके विरोध प्रदर्शन के बारे में बात कर रही थीं। उन्होंने क्लिप का हवाला देते हुए दावा किया था कि भाजपा ने जानबूझकर एक गलत उपशीर्षक जोड़ा और उसमें गुरु तेग बहादुर का नाम डाल दिया।

# अखिलेश यादव ने ‘वोट चोरी’ का लगाया आरोप

“इक्वालिटी एंड जस्टिस” पटियाला 11 जनवरी
INTERNATIONAL PAPER, 94636 01616
hardipchumber57@gmail.com

समाजवादी पार्टी के राष्ट्रीय अध्यक्ष और उत्तर प्रदेश के पूर्व मुख्यमंत्री अखिलेश यादव ने रविवार को राज्य में मतदाता सूची के विशेष गहन पुनरीक्षण अभियान पर सवाल उठाते हुए कहा कि सत्तारूढ़ भारतीय जनता पार्टी के दबाव में “वोट चोरी” की जा रही है।

सपा मुख्यालय से जारी एक बयान में यादव ने कहा कि भारत निर्वाचन आयोग ने उत्तर प्रदेश विधानसभा की मतदाता सूची का विशेष गहन पुनरीक्षण किया, जबकि उसी समय राज्य निर्वाचन आयोग ने पंचायत चुनावों के लिए भी एसआईआर किया। उन्होंने कहा कि दोनों ही प्रक्रियाओं में काम समान



बूथ स्तरीय अधिकारियों (बीएलओ) द्वारा किया गया।

# ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**“ਇਕੁਐਲਿਟੀ ਐਂਡ ਜਸਟਿਸ” ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ ‘ਪੰਚਸ਼ੀਲ’ ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ ‘ਮਨ ਦੀ ਸਮਾਧੀ’ ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ

